ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਪਟਿਆਲਾ

ਜੁਲਾਈ ੧੯੬੭

JULY 1697

ਸਲੋਕ ਮ: ੩ ॥

ਊਂਨਵਿ ਊਂਨਵਿ ਆਇਆ ਵਰਸੈ ਲਾਇ ਝੜੀ ।
ਨਾਨਕ ਭਾਣੈ ਚਲੈ ਕੰਤ ਕੈ ਸੁ ਮਾਣੈ ਸਦਾ ਰਲੀ ।੧।

ਮ: ੩ ॥

ਕਿਆ ਉਠਿ ਉਠਿ ਦੇਖਹੁ ਬਪੜੇ ਇਸੁ ਮੇਘੈ ਹਥਿ
ਕਿਛ ਨਾਹਿ ।
ਜਿਨਿ ਇਹੁ ਮੇਘੁ ਪਠਾਇਆ ਤਿਸ ਰਾਖਹੁ ਮਨ ਮਾਂਹਿ ।
ਤਿਸਨੋ ਮੰਨਿ ਵਸਾਇਸੀ, ਜਾ ਕਉ ਨਦਰਿ ਕਰੇਇ ।
ਨਾਨਕ ਨਦਰੀ ਬਾਹਰੀ, ਸਭ ਕਰਣ ਪਲਾਹ ਕਰੇਇ ।੨।

www.AKJ.Org

# ਲੇਖ ਸੂਚੀ


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧ | ਸੰਪਾਦਕੀ | ਸ | ਸੰਪਾਦਿਕ |
| ੨ | ਸੂਰਾ ਪਰੈਸ ਉਦਘਾਟਨ | ੧ | ਮੈਨੇਜਰ ਸੂਰਾ |
| ੩ | ਐਡੀਟਰ ਦੀ ਡਾਕ | ੨ | |
| ੪ | ਚਲੋ ਸਿੰਘੋ ਚਲ ਦਰਸ਼ਨ ਕਰੀਏ | ੩ | ਭਾਈ ਹਰਚਰਨ ਸਿੰਘ ਜੀ ਚੰਡੀਗੜ੍ਹ |
| ੫ | ਦਾੜ੍ਹੀ ਦੀ ਮਹੱਤਤਾ | ੭ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੬ | ਮਨ ਨੀਵਾਂ ਮਤਿ ਉਚੀ | ੧੪ | ਭਾਈ ਮਾਲਿਕ ਸਿੰਘ ਜੀ B. Sc. ਕਾਨਪੁਰ |
| ੭ | ਸੰਤ ਸਿਪਾਹੀ ਸਤਿਗੁਰੂ ਗੋਬਿੰਦ ਸਿੰਘ ਤੇ ਪੰਥ ਖਾਲਸਾ | ੨੨ | ਗਿਆਨੀ ਨਾਹਰ ਸਿੰਘ ਜੀ (ਗੁਜਰਵਾਲ) |
| ੮ | ਵਿਣੁ ਸਤਿਗੁਰ ਭਗਤਿ ਨ ਹੋਈ ਰਾਮ | ੨੮ | ਭਾਈ ਮਨਮੋਹਨ ਸਿੰਘ ਜੀ (M. Sc. ਜੈ ਪੁਰ) |
| ੯ | ਬਾਬਾ ਜਸਾ ਸਿੰਘ ਗੁਰਮਤਿ ਕਾਲਜ ਪਟਿਆਲਾ | ੩੨ | ਪ੍ਰਬੰਧਕ ਬੋਰਡ ਗੁਰਮਤਿ ਕਾਲਜ ਪਟਿਆਲਾ |
| ੧੦ | ਸਿਮਰਨ ਞਾਤਾ ਸਤਿਗੁਰੂ | ੩੭ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੧੧ | The Symbols. | ੩੯ | By Gurmukh Singh M.A. B Ed. Patiala. |


## ਆਪ ਜੀ ਦਾ ਚੰਦਾ ਸਮਾਪਤ ਹੈ

ਗੁਰਮੁਖ ਪਾਠਕੋ ! ਇਸ ਥਾਂ ਤੇ ਜੇ ਲਾਲ ਰੰਗ ਦੀ ਚਰਖੜੀ + ਹੈ ਤਾਂ ਇਸਦਾ ਅਰਥ ਹੈ ਕਿ ਆਪ ਦਾ ਚੰਦਾ ਸਮਾਪਤ ਹੈ। ੬] ਅਗਲੇ ਸਾਲ ਦਾ ਚੰਦਾ ਭੇਜ ਕੇ ਗੁਰਮਤਿ ਪ੍ਰਚਾਰ ਵਿਚ ਹਿਸਾ ਪਾ ਕੇ ਜੀਵਨ ਸਫਲ ਕਰੋ।

ਦਾਸ ਮੈਨੇਜਰ 'ਸੂਰਾ' ਰਾਘੋ ਮਾਜਰਾ ਪਟਿਆਲਾ—੩

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸ ਜੁਗਿ ਮਹਿ, ਸੋ ਕਹੀਅਤ ਹੈ ਸੂਰਾ




### ਗੁਰਮਤਿ ਪ੍ਰਚਾਰਕ ਮਾਸਕ ਪੱਤਰ


ਜ਼ਿਲਦ ਨੰ: ੨ ਹਾੜ ਸਾਵਨ ੪੯੮ ਨਾਨਕੀ ਸ਼ਾਹੀ ਅੰਕ ਨੰ: ੬


ਸਾਵਣਿ ਸਰਸੀ ਕਾਮਣੀ, ਚਰਣ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ, ਇਕੋ ਨਾਮੁ ਅਧਾਰੁ ॥
ਬਿਖਿਆ ਰੰਗ ਕੂੜਾਵਿਆ, ਦਿਸਨਿ ਸਭੇ ਛਾਰੁ ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ, ਮਿਲਿ ਸਾਧੂ ਪੀਵਣਹਾਰੁ ॥
ਵਣੁ ਤ੍ਰਿਣੁ ਪ੍ਰਭ ਸੰਗਿ ਮਉਲਿਆ, ਸੰਮ੍ਰਥ ਪੁਰਖ ਅਪਾਰੁ ॥
ਹਰਿ ਮਿਲਣੈ ਨੋ ਮਨੁ ਲੋਚਦਾ, ਕਰਮਿ ਮਿਲਾਵਣ ਹਾਰੁ ॥
ਜਿਨੀ ਸਖੀਏ ਪ੍ਰਭੁ ਪਾਇਆ, ਹੰਉ ਤਿਨ ਕੈ ਸਦ ਬਲਿਹਾਰ ॥
ਨਾਨਕ ਹਰਿ ਜੀ ਮਇਆ ਕਰਿ, ਸਬਦਿ ਸਵਾਰਣ ਹਾਰੁ ॥
ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿਹਾਰੁ ॥੬॥


ਆਨਰੇਰੀ ਐਡੀਟਰ :
ਮਨੋਹਰ ਸਿੰਘ

ਜੁਲਾਈ ੧੯੬੭



ਸਲਾਹਕਾਰ ਬੋਰਡ :
ਬਾਉ ਮਲ ਸਿੰਘ ਜੀ, ਭਾਈ ਜੋਗਿੰਦਰ ਸਿੰਘ ਜੀ
ਭਾਈ ਮਹਿੰਦਰ ਸਿੰਘ ਜੀ, ਭਾਈ ਸੇਵਾ ਸਿੰਘ ਜੀ,
ਭਾਈ ਮਨਮੋਹਨ ਸਿੰਘ ਜੀ, ਭਾਈ ਅਜੀਤ ਸਿੰਘ ਜੀ

www.AKJ.Org

# ਸੰਪਾਦਕੀ

ਡੇਰਾ ਬਾਬਾ ਜੱਸਾ ਸਿੰਘ ਗੁਰਮਤਿ ਕਾਲਜ ਪਟਿਆਲਾ ਦੀ ਸਥਾਪਨਾ ਇਕ ਅਤਿ ਲੁੜੀਦੀਂ ਚੀਜ਼ ਹੈ। ਅਜਿਹੇ ਕੇਂਦਰਾਂ ਦੀ ਸਿਖ ਪੰਥ ਵਿਚ ਅੱਜ ਦੇ ਪ੍ਰਗਤੀ ਸ਼ੀਲ ਯੁਗ ਵਿੱਚ ਬੜੀ ਲੋੜ ਹੈ। ਹੁਣ ਤਕ ਸਾਡੇ ਪਾਸ ਸਿਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਹੀ ਹੈ, ਪਰ ਉਸਦੇ ਪ੍ਰਚਾਰਕਾਂ ਦਾ ਮਿਆਰ (Standrad) ਅਜ ਦੀ ਵਧ ਰਹੀ ਵਿਦਿਆ ਦੇ ਮਿਆਰਾਂ ਤੋਂ ਕਿਤੇ ਨੀਵੇਂ ਹੈ। ਪਟਿਆਲੇ ਦੇ ਗੁਰਮਤਿ ਕਾਲਜ (Divimity College) ਰਾਹੀਂ ਸੰਸਾਰ ਦੇ, ਗੁਰਮਤਿ ਤੋਂ ਛੁਟ, ਚਾਰ ਹੋਰ ਮੁਖੀ ਧਰਮਾਂ ਦਾ ਸੰਤੁਲਤ ਗਿਆਨ ਵੀ ਦਿਤਾ ਜਾਇਗਾ। ਇਸਲਾਮ, ਈਸਾਈ ਮਤ, ਬੁਧ ਧਰਮ ਤੇ ਹਿੰਦੂ ਧਰਮ ਦੀ ( Comparative Study), ਇਥੋਂ ਦੇ ਦਿਤਾ ਵਿਦਵਾਨ ਨੂੰ ਇਸ ਯੋਗ ਬਣਾ ਜਾਵੇਗਾ ਕਿ ਉਹ ਨਾ ਕੇਵਲ ਭਾਰਤ ਵਿਚ ਸਗੋਂ ਸੰਸਾਰ ਵਿੱਚ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਨੂੰ ਸੋਹਣੇ ਤੇ ਸੁਚਜੇ ਤਰੀਕੇ ਨਾਲ ਪੇਸ਼ ਕਰੇ।

ਇਸ ਕਾਲਜ ਦਾ ਪਹਿਲਾ ਬੈਚ ਸਨ ੧੯੬੯ ਵਿਚ ਪਰਚਾਰ ਲਈ ਦੂਰ ਦੂਰ ਭੇਜਿਆ ਜਾਵੇਗਾ। ਵਡੇ ਭਾਗਾਂ ਨੂੰ ਇਹ ਉਹ ਸਾਲ ਹੈ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜ ਸੌਵਾਂ ਪ੍ਰਕਾਸ਼ ਉਤਸ਼ਵ ਸਾਰੇ ਸੰਸਾਰ ਭਰ ਵਿੱਚ ਮਨਾਇਆ ਜਾ ਰਿਹਾ ਹੋਵੇਗਾ।

ਅਸੀਂ ਇਸ ਕਾਲਜ ਦੇ ਪ੍ਰਬੰਧਕਾਂ ਨੂੰ ਤੇ ਖਾਸ ਤੌਰ ਤੇ ਸੰਤ ਬਾਬਾ ਗੁਰਮੁਖ ਸਿੰਘ ਜੀ ਨੂੰ ਵਧਾਈ ਦਿੰਦੇ ਹਾਂ। ਜਿਥੇ ਉਹਨਾਂ ਸਾਰੀ ਉਮਰ ਗੁਰ-ਉਪਦੇਸ਼ ਦਾ ਛੱਟਾ ਮਾਰਨ ਵਿਚ ਲਾ ਦਿਤੀ ਉਥੇ ਇਸ ਕਾਲਜ ਦੀ ਸਥਾਪਨਾ ਕਰਾਕੇ ਸਿਖ ਪੰਥ ਦੀ ਅਮੋਲ ਸੇਵਾਂ ਦਾ ਸਹਿਰਾ ਬੰਨਿਆ ਹੈ। ਸਾਡੀ ਸਤਿਗੁਰ ਜੀ ਅਗੇ ਅਰਦਾਸ ਉਹਨਾਂ ਨੂੰ ਸਦਾ ਚੜ੍ਹਦੀਆਂ ਕਲਾਂ ਬਖਸ਼ਣ ਤਾਂਕਿ ਉਹ ਹੋਰ ਵੀ ਵਧ ਚੜ੍ਹਕੇ ਗੁਰੂ–ਪੰਥ ਦੀ ਸੇਵਾ ਕਰਦੇ ਰਹਿਣ।

ਪੰਜਾਬੀ ਯੂਨੀਵਰਸਟੀ ਪਟਿਆਲਾ ਭੀ ਵਧਾਈ ਯੋਗ ਹੈ ਜੋ ਇਸ ਕਾਲਜ ਨੂੰ (affiliation) ਦੇ ਰਹੀ ਹੈ। ਅਤੇ ਦੋ ਸਾਲਾਂ ਦੇ ਕੋਰਸ ਪਿਛੋਂ 'ਮਾਸਟਰ ਆਫ ਡੀਵਿਨੀਟੀ' ਦੀ ਡਿਗਰੀ ਵੀ ਦੇ ਰਹੀ ਹੈ। ਇਹ ਡਿਗਰੀ ਸ਼ਾਇਦ ਸੰਸਾਰ ਦੀਆਂ ਸਭ ਯੂਨੀਵਰਸਿਟੀਆਂ ਵਿਚੋਂ ਇਕ ਹੀ ਵਿ ਲਖਣ ਚੀਜ਼ ਹੋਵੇਗੀ।

ਦੇਖਿਆ ਜਾਏ ਤਾਂ ਸ: ਕਿਰਪਾਲ ਸਿੰਘ ਨਾਰੰਗ, ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਰਪਰਸਤੀ ਹੇਠ ਇਹੋ ਜਿਹੀ ਇਕ ਯੋਜਨਾਂ ਕਾਫ਼ੀ ਦੇਰ ਤੋਂ ਸੀ ਕਿ ਯੂਨੀਵਰਸਟੀ ਮੁਖ ਧਰਮਾਂ ਦਾ ਸੰਤੁਲਨਾਤਮਕ ਅਧਿਆਨ ਦਾ ਉਚੇਚਾ ਪਰਬੰਧ ਕਰੇ। ਆਸ ਹੈ ਯੂਨੀਵਰਸਿਟੀ ਛੇਤੀ ਹੀ ਇਹ ਡਿਪਾਰਟਮੈਂਟ ਖੋਲ ਦੇਵੇਗੀ।

੧੯੬੬ ਵਿੱਚ ਯੂਨੀਵਰਸਿਟੀ ਨੇ 'ਆਦਿ ਗਰੰਥ ਦਾ (Department) ਖੋਲ ਕੇ ਗੁਰਬਾਣੀ ਦੀ ਖੋਜ ਦਾ ਉਚੇ ਪਧਰ ਦਾ ਕੇਂਦਰ ਸਥਾਪਤ ਕੀਤਾ।



www.AKJ.Org

# ਸੂਰਾ ਪਰੈਸ ਪਟਿਆਲਾ

ਦਾ

# ਉਦਘਾਟਨ ਸਮਾਗਮ

ਉਦਘਾਟਨ ਦੀ ਰਸਮ ੨੨ ਜੁਲਾਈ ਨੂੰ ਕੀਰਤਨ **ਰੈਣ ਸਬਾਈ** ਨਾਲ ਸ਼ੁਰੂ ਹੋਵੇਗੀ। ਕੀਰਤਨ ਦੇ ਭੋਗ ਉਪਰੰਤ ਗੁਰੂ ਰੂਪ **ਪੰਜ ਪਿਆਰੇ** ਮਸ਼ੀਨ ਨੂੰ ਚਾਲੂ ਕਰਕੇ **"ਸੂਰਾ ਪਰੈਸ** ਨੂੰ ਅਸੀਸ ਬਖਸ਼ਣ ਗੇ।

ਸਭ ਸੰਗਤਾਂ ਹੁਮ ਹੁਮਾਂ ਕੇ ਗੁਰਦਵਾਰਾ ਸਾਹਿਬ ਜੰਗੀ ਜੱਥਾ ਰਾਘੋਮਾਜਰਾ ਪਟਿਆਲਾ ਵਿਖੇ ੨੨ ਜੁਲਾਈ ਰਾਤ ਨੂੰ ਠੀਕ ੯ ਵਜੇ ਪੁਜਕੇ ਕਰੀਤਨ ਦੇ ਲਾਹੇ ਲੁੱਟੋ ਅਤੇ ਦਾਸਾਂ ਦਾ ਉਤਸ਼ਾਹ ਵਧਾਉ।

ਨੋਟ : ੨੩ ਜੁਲਾਈ ਨੂੰ ਉਦਘਾਟਨ ਤੋਂ ਉਪਰੰਤ ਸੂਰੇ ਦੇ ਸਲਾਹਕਾਰ ਬੋਰਡ ਦੀ ਮੀਟਿੰਗ ਹੋਵੇਗੀ। ਸੋ ਸਾਰੇ ਮੈਂਬਰਾਂ ਅਗੇ ਬੇਨਤੀ ਹੈ ਕਿ ਉਹ ਜ਼ਰੂਰ ਇਸ ਸਮਾਗਮ ਤੇ ਪੁਜਣ।

ਨੋਟ ਃ ਅਸੀਂ ਬਾਵਜੂਦ ਬੜੀ ਕੋਸ਼ਸ਼ ਦੇ ਇਸ ਮਹੀਨੇ ਸੂਰਾ ਪਰਚਾ ਆਪਣੇ ਪਰੈਸ ਤੋਂ ਨਹੀਂ ਛਪਵਾਂ ਸਕੇ ਖਿਮਾਂ ਮੰਗਦੇ ਹਾਂ।

ਪ੍ਰਾਰਥਕ
ਮੈਨੇਜਰ 'ਸੂਰਾ'
ਰਾਘੋ ਮਾਜਰਾ ਪਟਿਆਲਾ

---

## ਮਾਸਕ ਪੱਤਰ ਸੂਰਾ ਪਟਿਆਲਾ

## ਦਾ ਸਾਲਾਨਾ ਚੰਦਾ

| | |
|---|---|
| ਦੇਸ਼ | ੬.੦੦ |
| ਪ੍ਰਦੇਸ਼ | ੧੦.੦੦ |
| ਪ੍ਰਤੀ ਕਾਪੀ | ੦.੬੦ |



www.AKJ.Org

# ਐਡੀਟਰ ਦੀ ਡਾਕ

ਵਾਹਿਗੁਰੂ ਗੁਰੂਦਵਾਰਾ ਤਪੋ ਬਨ ਕੁਮਾਰ ਹੱਟੀ ਸ਼ਿਮਲਾ ਹਿਲਸ

ੴ ਅਕਾਲ ਜੀ ਸਹਾਇ ॥

## ਜੁਗ ਜੁਗ ਜੀਓ

ਮੇਰੀ ਖਲੋ ਮੌਜੜੇ ਗੁਰਸਿੱਖ ਹੰਡਾਦੇ ।

ਪਰਮ ਸਤਿਕਾਰ ਯੋਗ ਬੈਰਾਗੀ, ਤਿਆਗੀ ਗੁਰਮੁਖ ਪਿਆਰੇ ਸ: ਮਨੋਹਰ ਸਿੰਘ ਜੀ ਆਪ ਜੀ ਨੂੰ ਸ਼ਿਮਲੇ ਜ਼ਬਾਨੀ ਬੇਨਤੀ ਕੀਤੀ ਸੀ ਤੇ ਸ਼ਹੀਦੀ ਗੁਰਪੁਰਬ ਸਮਾਗਮ ਕੁਮਾਰ ਹੱਟੀ ਦਾ ਆਪਣੇ ਅਖ਼ਬਾਰ ਵਿਚ ਲਿਖ ਕਢੋ । ਆਪ ਜੀ ਨੇ ਪਰਵਾਨ ਕੀਤਾ ਸੀ, ਸਮਾਚਾਰ ਸਮਾਗਮ ਸ਼ਹੀਦੀ ਦੋ ਅਖੰਡ ਪਾਠ ਹੋਏ । ਪੰਜ ਦਿਨ ਦਿਵਾਨ ਸਜਿਆ ਲੰਗਰ ਦੀ ਅਤੁਟ ਸੇਵਾ ਹੋਈ ਗੁਰੂ ਕਿਰਪਾ ਨਾਲ ਖੂਬ ਚੜ੍ਹਦੀਆਂ ਕਲਾ ਵਿਚ ਸੰਪੂਰਨ ਹੋਏ । ਕੁਲ ਸੇਵਾ ਅਤੁਟ ਹੋਈ । ਸੰਗਤਾਂ ਦਾ ਇਕਠ ਕਾਫੀ ਦੂਰੋਂ ਦੂਰੋਂ ਗੁਰਮੁਖ ਪੁਜੇ। ਕੀਰਤਨ ਖੂਬ ਹੋਏ । ਇਹ ਸਮਾਗਮ ਪਹਾੜ ਵਿਚ ਜਿਥੇ ਸਿੱਖ ਵਸੋਂ ਨਹੀਂ ਹੈ । ਤੇ ਇਲਾਕਾ ਹਿਮਾਚਲ ਹੈ । ਅਨਾਜ, ਦੁਧ ਬਹੁਤ ਮਹਿੰਗਾ ਤੇ ਘਟ ਮਿਲਦਾ ਹੈ । ਪਰ ਸਾਰੀ ਸੇਵਾ ਦਾ ਸੇਹਰਾ ਗੁਰਮੁਖ ਪਿਆਰੇ ਭਾਈ ਬਾਵਾ ਸਿੰਘ ਦੀ ਨਿਸ਼ਕਾਮ ਸੇਵਾ ਤੇ ਗੁਰਸਿਖੀ ਸਿਦਕ ਦਾ ਸਦਕਾ ਹੈ । ਕੇਵਲ ਇਕ ਸਿੰਘ ਦੇ ਸੇਵਾ ਉਦਮ ਗੁਰੂ ਜੀ ਨੇ ਬਰਕਤ ਪਾਈ ਹੈ। ਸਤਿਗੁਰੂ ਭਾਈ ਬਾਵਾ ਸਿੰਘ ਜੀ ਨੂੰ ਨਾਮ ਅਭਿਆਸ ਕਮਾਈ ਦੀਆਂ ਚੜ੍ਹਦੀਆਂ ਕਲਾ ਬਖਸ਼ੇ। ਸੂਰਾ ਦੀ ਸੇਵਾ ਲਈ ੧੦ ਦਮੜੇ ਭੇਜਾਂਗੇ । ਤੁਛ ਸੇਵਾ ਪਰਵਾਨ ਕਰੋ ਜੀ ਸਭ ਨੂੰ ਗੁਰ ਫ਼ਤਹ ।

ਆਪ ਜੀ ਦਾ ਪਿਆਰਾ

ਲਾਲਾ ਗੋਲਾ ਦਾਸਮਲ ਸਿੰਘ

---

## ਕੀਰਤਨ ਰੈਣ ਸਬਾਈ

ਸਰਬਤ ਸੰਗਤਾਂ ਨੂੰ ਬੇਨਤੀ ਕੀਤੀ ਜ਼ਾਂਦੀ ਹੈ ਕਿ ਅਖੰਡ ਕੀਰਤਨੀ ਜਥਾ ਜਲੰਧਰ ਵਲੋਂ ਪਿੰਡ ਦਿਆਲ ਪੁਰ ਜਿਲਾ ਜਲੰਧਰ ਵਿਚ ੨੯ ੭ ੬੭ ਨੂੰ ਕੀਰਤਨ ਰੈਣ ਸਬਾਈ ਹੋ ਰਿਹਾ ਹੈ ਸਰਬਤ ਸੰਗਤਾਂ ਦਰਸ਼ਨ ਬਖਸ਼ ਕੇ ਨਿਵਾਜਨ ।

ਨੋਟ : ਪਿੰਡ ਦਿਆਲ ਪੁਰਾ ਕਰਤਾਰ ਪੁਰ ਤੋਂ ੩ ਮੀਲ ਤੇ ਜੀ. ਟੀ. ਰੋਡ ਤੇ ਹੈ ।

ਸੰਗਤਾਂ ਦੇ ਦਾਸ
ਡਾ: ਜੋਗਿੰਦਰ ਜੀਤ ਸਿੰਘ
ਮਾਸਟਰ ਗੁਰਬਚਨ ਸਿੰਘ
ਪਿੰਡ ਦਿਆਲ ਪੁਰ



www.AKJ.Org

# ਚਲੋ ਸਿੰਘੋ ਚਲ ਦਰਸ਼ਨ ਕਰੀਏ

(ਵਲੋਂ ਭਾਈ ਹਰਚਰਨ ਸਿੰਘ, ਜੀ ਚੰਡੀਗੜ)

ਪਿਛਲੇ ਮਹੀਨੇ ਦੇ ''ਸੂਰੇ'' ਵਿਚ ''ਪਵਿਤਰ ਗੁਰਧਾਮਾਂ ਦੀ ਯਾਤਰਾ'' ਵਾਲੀ ਬੇਨਤੀ ਕਾਰਣ ਦਾਸ ਪਾਸ ਸਾਰੇ ਸ਼ਹਿਰਾਂ ਅਤੇ ਬਹੁਤ ਪਿੰਡਾਂ ਤੋਂ ਉਤਸ਼ਾਹ-ਪੂਰਤ ਸੰਦੇਸ਼ ਪੁਜੇ ਅਤੇ ਪੁਜ ਰਹੇ ਹਨ'' ਵੀਰ ਜੋਗਿੰਦਰ ਸਿੰਘ ਜੀ ਤਲਵਾੜਾ, ਕਰਨਲ ਦਲਜੀਤ ਸਿੰਘ ਜੀ ਮੇਰਠ ਅਤੇ ਵੀਰ ਜੀਵਨ ਸਿੰਘ ਜੀ ਰਾਗੀ ਵਲੋਂ ਇਹ ਯਾਤਰਾ ਤੋਂ ਬਹੁਤਾ ਲਾਭ ਪ੍ਰਾਪਤ ਕਰਨ ਲਈ ਅਤੇ ਇਸ ਨੂੰ ਹਰ ਪਖ ਤੋਂ ਸਫਲ ਕਰਨ ਲਈ ਨਿਘਰ ਸਲਾਹਾਂ ਪੁਜੀਆਂ ਹਨ। ਇਹ ਸਾਰੇ ਗੁਰਮੁਖਾਂ ਦੀ ਸੋਚ-ਵਿਚਾਰ ਅਤੇ ਉਦਮ ਨਾਲ ਹੀ ਯਾਤਰਾ ਸਫਲ ਅਤੇ ਕਾਮਯਾਬ ਹੋਵੇਗੀ। ਚੰਡੀਗੜ੍ਹ ਤੋਂ ਚਲਣ ਵਾਲੀਆਂ ਦੋ ਬਸਾਂ ਲਈ ਹੇਠ ਲਿਖੇ ਗੁਰਮੁਖ ਵੀਰਾਂ ਅਤੇ ਭੈਣਾਂ ਨੇ (Reservation Fee) ਦੇ ਕੇ ਸੀਟਾਂ ਬੁਕ ਕਰਵਾਈਆਂ ਹਨ :–

੧. ਭਾ: ਜੋਗਿੰਦਰ ਸਿੰਘ ਜੀ ਤਲਵਾੜ (ਕੀਰਤਨੀਏ)।

੨. ਭਾ: ਮਹਿੰਦਰ ਸਿੰਘ (ਸਾਬਕ) ਪਟਿਆਲਾ (ਜੋੜੀ) ਕੀਰਤਨੀਏ ਅਤੇ ਕੀਰਤਨ ਸਮਾਗਮਾਂ ਦੇ ਇਨਚਾਰਜ ਹੋਣਗੇ।

੩. ਭਾ: ਜੀਵਨ ਸਿੰਘ ਰਾਗੀ ਲੁਧਿਆਨਾ (ਜੋੜੀ) ਕੀਰਤਨ ਤੋਂ ਇਲਾਵਾ ਸਮਾਗਮਾਂ ਵਿਚ ਅਰਦਾਸੀਏ ਦੀ ਪਵਿਤਰ ਸੇਵਾ ਕਰਨਗੇ।

੪. ਗਿ: ਗੁਰਦਿਤ ਸਿੰਘ ਜੀ Ex M-L.C. ਰੋਜ਼ਾਨਾ ਯਾਤਰਾ ਰੀਪੋਰਟ ਪੰਜਾਬੀ ਅਖਬਾਰਾਂ ਵਿਚ ਭੇਜਣਗੇ ਅੰਤ ਵਿਚ ਇਹ ਰੀਪੋਰਟਾਂ ਸੰਕਲਤ ਕਰਕੇ ਇਕ ''ਯਾਤਰਾ ਅੰਕ'' ਸੂਰੇ ਵਿਚ ਛਾਪਿਆ ਜਾਵੇਗਾ। ਇਹ ਵੀਰ ਜੀ ਗੁਰਬਾਣੀ ਅਤੇ ਸਿਖ ਹਿਸਟਰੀ ਦੇ ਭੰਡਾਰ ਹਨ। ਇਨ੍ਹਾਂ ਦੇ ਭੰਡਾਰੇ ਤੋਂ ਯਾਤਰਾ ਵਿਚ ਲਾਭ ਲਇਆ ਜਾਵੇਗਾ। ਕਲਕਤਾ ਅਤੇ ਬੰਬਈ ਦੇ ਕੀਰਤਨ ਸਮਾਗਮਾਂ ਨੂੰ ਪੂਰੀ ਤਰਾਂ ਕਾਮਯਾਬ ਬਨਾਉਣ ਲਈ ਸੇਵਾ ਇਹ ਵੀਰ ਜੀ ਨੇ ਲਈ ਹੈ :
   ਤਲਵਾੜਾ–ਤਕਰੀਬਨ ੧੭ ਸਿੰਘ।
   ਮੇਰਠ–ਤਕਰੀਬਨ ੪ ਸਿੰਘ।



www.AKJ.Org

ਖੰਨਾ—ਤਕਰੀਬਨ ੫ ਸਿੰਘ।
ਲੁਧਿਆਣਾ—ਤਕਰੀਬਨ ੪ ਸਿੰਘ।
ਸ਼ਿਮਲਾ—੨ ਸਿੰਘ
ਪਟਿਆਲਾ—ਤਕਰੀਬਨ ੬ ਸਿੰਘ।
ਅਹਿਮਦਾਬਾਦ—੧ ਬੀਬੀ।
ਕਪੂਰਥਲਾ—੧ ਸਿਘ।
ਜਾਲੰਧਰ—੫ ਸਿੰਘ।
ਸ੍ਰੀ ਅੰਮ੍ਰਿਤਸਰ ੩ ਸਿੰਘ।
ਦਿਲੀ—੧ ਸਿੰਘ।
ਚੰਡੀਗੜ੍ਹ—੩੧ ਸਿੰਘ।

ਯਾਤਰਾ ਵਿਚ ਜਾਣ ਵਾਲਿਆਂ ਦਾ ਦਾਸ ਨੂੰ ਇਹ ਸੁਝਾਉ ਆਇਆ ਹੈ ਕੇ ਸੰਗਤਾਂ ਦਿਲੀ ਆਮ ਜਾਂਦੀਆਂ ਰਹਿੰਦੀਆਂ ਹਨ, ਇਸ ਲਈ ਦਿਲੀ ਦੇ ਠਹਰਾਉ ਦਾ ਦਿਹਾੜਾ ਸ੍ਰੀ ਨਾਨਕ ਮਤਾ ਗੁਰਦਵਾਰਾ ਸਾਹਿਬ (ਜਿਥੇ ਪਹਿਲੇ ਪਾਤਸ਼ਾਹ ਜੀ ਨੇ ਜ਼ਾਹਰੀ ਕਲਾ ਵਿਖਾ ਕੇ ਰੀਠਾ ਮਿਠਾ ਕੀਤਾ ਹੈ ਅਤੇ ਫਿਰ ਛੇਹਵੇਂ ਪਾਤਸ਼ਾਹ ਜੀ ਨੇ ਸੜੇ ਅਤੇ ਸੁਕੇ ਪਿਪਲ ਤੇ ਚੰਦਨ ਛਿੜਕ ਕੇ ਹਰਾ ਕੀਤਾ ਸੀ ਅਤੇ ਹੁਣ ਤਕ ਹਰੇ ਪਤੇ ਤੇ ਚੰਦਨ ਦੇ ਨਿਸ਼ਾਨ ਵਿਖਾਈ ਦਿੰਦੇ ਹਨ। ਸਾਰੇ ਪਿਆਰਿਆਂ ਦੀ ਆਗਿਆ ਹੋਵੇ ਤਾਂ ਪ੍ਰੋਗਰਾਮ ਵਿਚ ਇਹ ਅਦਲਾ-ਬਦਲੀ ਕੀਤੀ ਜਾਵੇ। ਪਟਨਾਂ ਸਾਹਿਬ ਤੋਂ ਮੁੜਦੇ ਹੋਏ ਇਨ੍ਹਾਂ ਪਵਿਤਰ ਗੁਰਧਾਮਾਂ ਦੇ ਨੇੜੇ ਦੀ ਲੰਘਣਾ ਹੈ।

ਬਾਕੀ ਸੀਟਾਂ ਜੋ ਖਾਲੀ ਹਨ ਉਨ੍ਹਾਂ ਬਾਰੇ ਬਹੁਤ ਪਿਆਰਿਆਂ ਨਾਲ ਚਿਠੀ ਪਤਰ ਹੋ ਰਹੇ ਹਨ, ਜੇ ਹੋਰ ਕਿਸੇ ਗੁਰਮੁਖ ਪਿਆਰੇ ਦਾ ਯਾਤ੍ਰਾ ਵਿਚ ਸ਼ਾਮਲ ਹੋਣ ਦਾ ਵੀਚਾਰ ਹੋਵੇ ਤਾਂ ਚਿਠੀ ਲਿਖਣ ਵੇਲੇ ਇਹ ਗਲਾਂ ਦਾ ਖੋਹਲਕੇ ਨਿਰਣਾ ਕਰੇ :—

(ੳ) ਕੀ ਸਰਬ-ਲੋਹ ਯਾ ਬਿਬੇਕ ਧਾਰਨੀ ਹੋ ? ਜੋ ਉਤਰ ਹਾਂ ਵਿਚ ਹੈ ਕੀ ਸਾਰੀ ਯਾਤਰਾ ਅਪਣੇ ਲੰਗਰ ਦਾ ਆਪ ਪ੍ਰਬੰਧ ਕਰੋਗੇ ?
(ਅ) ਕੀ ਨਾਮ (ਪੂਰਾ) ਅਤੇ ਉਮਰ ਹੈ ?
(ੲ) ਕੀ ਅੰਮ੍ਰਿਤ ਸੰਚਾਰ ਸਮਾਗਮ ਵਿਚ ਪੰਜ ਪਿਆਰਿਆਂ ਦੀ ਸੇਵਾ ਕਰੋਗੇ ?
(ਸ) ਕੀ ਕੀਰਤਨ ਵਿਚ ਵਾਜੇ ਵਾਲੇ ਕੀਰਤਨੀਏ ਦੇ ਨਾਲ ਮਿਲ ਕੇ ਗਜ ਵਜ ਕੇ ਕੀਰਤਨ ਕਰਦੇ ਹੋ ?

ਬਸਾਂ ਦਾ ਕਰਾਇਆ ਫੀ ਸੀਟ ੧੫੦ ਰੁਪੈ ਦੇ ਲਗ ਭਗ ਹੋਵੇਗਾ। ਐਨੀ ਲੰਮੀ ਯਾਤਰਾ ਹਾਲ ਤਕ ਪੰਜਾਬ ਵਿਚੋਂ ਸ਼ਾਇਦ ਹੀ ਕਿਸੇ ਨੇ ਕੀਤੀ ਹੋਵੇ। ਇਸ ਲਈ ਕਰਾਇਆ ਆਮ ਯਾਤਰਾ ਨਾਲੋਂ ਜ਼ਿਆਦਾ ਹੋਵੇਗਾ। ਬਸ-ਕੰਮਪਨੀਆਂ ਨਾਲ ਗਲ ਬਾਤ ਹੋ ਰਹੀ ਹੈ। ਅਗਲੇ ਮਹੀਨੇ ਠੀਕ ਕਰਾਇਆ ਫੀ ਸੀਟ ਬਿਨੇ ਕੀਤਾ ਜਾਵੇਗਾ। ਮਹੀਨੇ ਦੀ ਯਾਤਰਾ ਵਿਚ ਕੋਈ ੨੪ ਕੁ ਦਿਨ ਗੁਰਦਵਾਰਾ ਸਾਹਿਬ ਯਾ ਸੰਗਤਾਂ ਵਲੋਂ ਲੰਗਰ ਪ੍ਰਾਪਤ ਹੋ ਜਾਨ ਦੀ ਆਸ ਹੈ। ਬਾਕੀ ਆਪਣਾ ਪ੍ਰਬੰਧ ਕਰਨਾ ਪਏਗਾ ਜੋ ਬਸ ਦੇ ਕਰਾਏ ਤੋਂ ਵਖਰਾ ਹੋਵੇਗਾ।

ਪੰਜਾਬ ਤੋਂ ਬਾਰਲੇ ਪਿਆਰਿਆਂ ਅਗੇ ਜੋਦੜੀ ਹੈ ਕੇ ਜਿਥੇ ਜਿਥੇ ਜਥੇ ਦੇ ਵਿਸਰਾਮ ਦੇ ਪਰੋਗਾਰਾਮ ਹਨ ਉਨ੍ਹਾਂ ਥਾਵਾਂ ਦੇ ਖ਼ਾਸ ਕਰਕੇ ਅਤੇ ਨਿਕਟ-ਵਰਤੀ ਸਿੰਘਾਂ ਨੂੰ ਉਨ੍ਹਾਂ ਨਾਲ ਉਦਮ ਕਰਕੇ ਅੰਮ੍ਰਿਤ-ਸਿੰਚਾਰ ਅਤੇ ਕੀਰਤਨ ਸਮਾਗਮ ਬਨਾਉਣੇ ਚਾਹੀਦੇ ਹਨ, ਤਾਂ ਜੁ ਇਸ ਸਮੇਂ ਤੇ ਚੋਣਵੇਂ ਕੀਰਤਨੀਆਂ ਦਾ ਸੰਗਤਾਂ ਵੱਧ ਤੋਂ



www.AKJ.Org

ਵੱਧ ਲਾਭ ਉਠਾ ਸਕਣ, ਪ੍ਰੋਗਰਾਮ ਬਾਰੇ ਦਾਸ ਨੂੰ ਸੂਚਤ ਕਰਨ ਦੀ ਭੀ ਉਨ੍ਹਾਂ ਸਜਣਾ ਨੂੰ ਕ੍ਰਿਪਾਲਤਾ ਕਰਨੀ ਚਾਹੀਦੀ ਹੈ।

# ਸ੍ਰੀ ਹਜ਼ੂਰ ਸਾਹਿਬ ਅਤੇ ਹੋਰ ਪਵਿਤਰ ਗੁਰਦਵਾਰਿਆਂ ਦੀ ਯਾਤਰਾ ਦੇ ਪਰੋਗਰਾਮ

[ ਸੰਖੇਪ ਅਖਰ ਰਵਾਨਗੀ = ਰ ] ਸਵੇਰੇ = ਸ
[ ਪੁਹੰਚਣ = ਪ ] ਸ਼ਾਮ = ਸ਼ਾ

| | | |
|---|---|---|
| ਮਿਤੀ ੨੭-੯-੬੭ | ਰਵਾਨਗੀ ਚੰਡੀਗੜ੍ਹ ਸਵੇਰੇ ੫ ਵਜੇ<br>ਪਹੁੰਚਣਾ ਦਿਲੀ ਸ਼ਾਮ | |
| ੨੮-੯-੬੭ | ਠਹਿਰਾਓ ਦਿੱਲੀ) | ਯਾਤਰਾ ਗੁ: ਸੀਸ ਗੰਜ, ਰਕਾਬ ਗੰਜ, ਬੰਗਲਾ ਸਾਹਿਬ, ਮਾਤਾ ਸੁੰਦਰੀ ਜੀ |
| ੨੯-੯-੬੭ | ਰ. ਦਿਲੀ ਸ.<br>ਪ. ਆਗਰਾ ਸ਼ਾ. | |
| ੩੦-੯-੬੭ | ਰ. ਆਗਰਾ ਸ.<br>ਪ. ਝਾਂਸੀ ਸ਼ਾ. | ਯਾਤਰਾ ਗੁਰਦਵਾਰਾ ਬੰਦੀ ਛੋੜ ਗਵਾਲਿਅਰ |
| ੧-੧੦-੬੭ | ਰ. ਝਾਂਸੀ ਸ.<br>ਪ. ਭੁਪਾਲ ਸ਼ਾ. | ਭੁਪਾਲ ਠਹਿਰਾ ੨-੧੦-੬੭ ਅਤੇ ਅੰਮ੍ਰਿਤ ਸੰਚਾਰ |
| ੩-੧੦-੬੭ | ਰ. ਭੁਪਾਲ ਸ.<br>ਪ. ਮਨਮਾੜ ਸ਼ਾ. | |
| ੪-੧੦-੬੭ | ਰ. ਮਨਮਾੜ ਸ.<br>ਪ. ਬੰਬਈ ਸ਼ਾ. | ਠਹਿਰਾ ਬੰਬਈ। ਸਮਾਗਮ ੫, ੬, ੭, ਅਕਤੂਬਰ |
| ੮-੧੦-੬੭ | ਰ. ਬੰਬਈ ਸ.<br>ਪ. ਪੂਨਾ ਸ਼ਾ. | |
| ੯-੧੦-੬੭ | ਰ. ਪੂਨਾ ਸ.<br>ਪ. ਨਾਨਕ ਝੇਰਾ ਸ਼ਾ. | |
| ੧੦-੧੦-੬੭ | ਰ. ਨਾਨਕ ਝੇਰਾ ਸ.<br>ਪ. ਸ੍ਰੀ ਹਜ਼ੂਰ ਸਾਹਿਬ ਸ਼ਾ. | ਠਹਿਰਾ ਦਰਸ਼ਨ ਤਖ਼ਤ ਸ੍ਰੀ ਹਜ਼ੂਰ ਸਾਹਿਬ ੧੧, ੧੨, ੧੩, |



www.AKJ.Org

| | | | |
|---|---|---|---|
| ੧੪-੧੦-੬੭ | ਰ. ਸ੍ਰੀ ਹਜ਼ੂਰ ਸਾਹਿਬ | ਸ. | |
| | ਪ. ਨਾਗਪੁਰ | ਸ਼ਾ. | |
| ੧੫-੧੦-੬੭ | ਰ. ਨਾਗਪੁਰ | ਸ. | |
| | ਪ. ਹੀਰਾ ਕੁੰਦ | ਸ਼ਾ. | |
| ੧੬-੧੦-੬੭ | ਰ. ਹੀਰਾ ਕੁੰਦ | ਸ. | ਠਹਿਰਾ ੧੭, ੧੮, ੧੯, ਅਕਤੂਬਰ |
| | ਪ. ਕਲਕੱਤਾ | ਸ਼ਾ. | |
| ੨੦:੧੦-੬੭ | ਰ. ਕਲਕੱਤਾ | ਸ. | |
| | ਪ. ਇਕ ਪੜਾ | ਸ਼ਾ. | |
| ੨੧-੧੦-੬੭ | ਪ. ਬਨਾਰਸ | ਸ. | |
| | ਰ. ਇਕ ਪੜਾ | ਸ਼ਾ. | |
| ੨੨-੧੦-੬੭ | ਰ. ਬਨਾਰਸ | ਸ. | ਠਹਿਰਾ ਅਤੇ ਦਰਸ਼ਨ ਤਖ਼ਤ ਸ੍ਰੀ ਪਟਨਾ ਸਾਹਿਬ |
| | ਪ. ਸ੍ਰੀ ਪਟਨਾ ਸਾਹਿਬ | ਸ਼ਾ. | ੨੩, ੨੪, ਅਕਤੂਬਰ |
| ੨੫-੧੦-੬੭ | ਰ. ਸ੍ਰੀ ਪਟਨਾ ਸਾਹਿਬ | ਸ. | |
| | ਪ. ਅਲਾਹਬਾਦ | ਸ਼ਾ. | |
| ੨੬-੧੦-੬੭ | ਰ. ਅਲਾਹਬਾਦ | ਸ. | |
| | ਪ. ਕਾਨਪੁਰ | ਸ਼ਾ. | |
| ੨੭-੧੦-੬੭ | ਰ. ਕਾਨਪੁਰ | ਸ. | |
| | ਪ. ਅਲੀਗੜ੍ਹ | ਸ਼ਾ. | |
| ੨੮-੧੦-੬੭ | ਰ. ਅਲੀਗੜ੍ਹ | ਸ. | |
| | ਪ. ਚੰਡੀਗੜ੍ਹ | ਸ਼ਾ. | |

ਇਨ੍ਹਾਂ ਸ਼ਹਿਰਾਂ ਵਿੱਚ ਰਹਿਣ ਵਾਲੇ ਸਿੰਘ ਇਹ ਜਥੇ ਦੇ ਮੁਖੀ ਕੀਰਤਨੀਆਂ ਦੀ ਯਾਤਰਾ ਦਾ ਲਾਭ ਉਠਾ ਕੇ ਆਪਣੇ ਸ਼ਹਿਰਾਂ ਵਿੱਚ ਵੱਡੇ ੨ ਕੀਰਤਨ ਸਮਾਗਮ: ਅੰਮ੍ਰਿਤ ਸੰਚਾਰ ਸਮਾਗਮ ਅਤੇ ਰੈਣ ਸਬਾਈ ਸਮਾਗਮ ਰੱਖਣ । ਲੰਗਰ ਆਦਿ ਦੀ ਸੇਵਾ ਭੀ ਸਥਾਨਕ ਸੰਗਤਾਂ ਨਾਲ ਰਲ ਮਿਲਕੇ ਕਰਨ ।

ਇੱਕ ਮਹੀਨੇ ਦੇ ਲੱਗ ਭੱਗ ਯਾਤਰਾ ਹੋਵੇਗੀ। ਦਿਨ ਰਾਤ ਕੀਰਤਨ, ਰੈਣ ਸਬਾਈ ਸਮਾਗਮ ਨਿੱਤਨੇਮ ਸੁਖਮਨੀ ਸਾਹਿਬ ਦੇ ਪਾਠ, ਨਾਮ ਸਿਮਰਣ ਦੇ ਪਰਵਾਹ ਅਕਾਲ ਪੁਰਖ ਦੀ ਮੇਹਰ ਨਾਲ ਚੱਲਣਗੇ ।

ਕੂਕਰ ਰਾਮ ਕੋ ਹਰਚਰਨ ਸਿੰਘ
**P. S. S.**
Room No. 20 Seventh Floor
Punjab civil Secretariat
Chandigarh (Punjab)



www.AKJ.Org

# ਦਾੜ੍ਹੀ ਦੀ ਮਹੱਤਤਾ

(ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਸਲੋਕ ਮਹਲਾ ੩॥

ਸੋ ਦਾੜੀਆ ਸਚੀਆ ਜਿ ਗੁਰ ਚਰਨੀ ਲਗੰਨਿ੍ ॥
ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨਿ੍ ॥
ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨਿ੍ ॥੫੨॥
ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ ॥
ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਹਿ ਸਮਾਹਿ ।
ਸਚੀ ਰਾਸੀ ਸਚੁ ਧਨੁ ਉਤਮ ਪਦਵੀ ਪਾਹਿ ॥
ਸਚੁ ਸੁਣਹਿ ਸਚੁ ਮੰਨਿ ਲੈਨਿ ਸਚੀ ਕਾਰ ਕਮਾਹਿ ॥
ਸਚੀ ਦਰਗਹ ਬੈਸਣਾ ਸਚੇ ਮਾਹਿ ਸਮਾਹਿ ॥
ਨਾਨਕ ਵਿਣੁ ਸਤਿਗੁਰ ਸਚੁ ਨ ਪਾਈਐ ਮਨਮੁਖ ਭੂਲੇ ਜਾਹਿ ॥੫੩॥

ਇਸ ਗੁਰਵਾਕ ਦੀ ਪਹਿਲੀ ਪੰਗਤੀ ਦਾ ਸਪਸ਼ਟ ਭਾਵ ਇਹ ਹੈ ਕਿ ਸੋਈ ਬੀਬੀਆਂ ਗੁਰਮੁਖ ਸਚੀਆਂ ਦਾੜ੍ਹੀਆਂ ਸਚੀਆਂ ਅਤੇ ਸੁਚੀਆਂ ਦਾੜ੍ਹੀਆਂ ਹਨ ਜੋ ਗੁਰੂ ਕੀ ਚਰਨੀ ਲਗਦੀਆਂ ਹਨ। ਸੋਈ ਸਿਧੀਆਂ ਦਾੜ੍ਹੀਆਂ ਵਾਲੇ ਗੁਰਮੁਖ ਜਨ ਸਚੇ ਗੁਰਮੁਖ ਜਨ ਹਨ । ਸੇ ਗੁਰ ਚਰਨੀ ਲਗਣ ਸਮੇਂ ਤਿਨ੍ਹਾਂ ਦੀਆਂ ਗੁਰਮੁਖੀ ਸਿਧੀਆਂ ਦਾੜ੍ਹੀਆਂ ਹੀ ਸੁਤੇ ਸੁਭਾ ਗੁਰਚਰਨੀ ਆਣ ਲਗਦੀਆਂ ਹਨ। ਭਲਾ ਮੁੰਨੀਆਂ ਮੁੜ ਚੁੰਨੀਆਂ ਦਾੜ੍ਹੀਆਂ ਨੇ ਗੁਰ ਚਰਨੀ ਕੀ ਲਗਣਾ ਸੀ ? ਮੁੰਨੀਆਂ ਮੁੜ ਚੁੰਨੀਆਂ ਦਾੜ੍ਹੀਆਂ ਵਾਲੇ ਜਦੋਂ ਸਤਿਗੁਰੂ ਗੁਰੂ ਗਰੰਥ ਸਾਹਿਬ ਜੀ ਨੂੰ ਮੱਥਾ ਟੇਕਦੇ ਹਨ ਤਾਂ ਤਿਨਾਂ ਦੀਆਂ ਮੁਨੀਆਂ ਮੁੜਚੁੰਨੀਆਂ ਦਾੜ੍ਹੀਆਂ ਗੁਰ ਚਰਨੀ ਲਗਣੋਂ ਐਵੇਂ ਰਹਿ ਜਾਂਦੀਆਂ ਹਨ । ਅਜ ਕਲ ਇਹ ਫੈਸ਼ਨ ਹੋ ਗਿਆ ਹੈ ਕਿ ਜਿਤਨੇ ਭੀ ਸਿਖ ਦੇਖੀਦੇ ਹਨ ਸਭ ਦੀਆਂ ਇਕਦੂ ਦਾੜ੍ਹੀਆਂ ਵਾਢਿਓ ਮਰੋੜ ਤੋੜਕੇ ਚਾੜ੍ਹੀਆਂ ਹੁੰਦੀਆਂ ਹਨ। ਕਈ ਤਾਂ ਦਾੜ੍ਹੀਆਂ ਚਪਕਾਕੇ ਐਸੀਆਂ ਚਾੜ੍ਹਦੇ ਹਨ ਕਿ ਦਾੜ੍ਹੀਆਂ ਆਈਆਂ ਮਲੂਮ ਹੀ ਨਾ ਹੋਣ। ਅਗੇ ਤਾਂ ਕੇਵਲ ਫੌਜੀ ਸਿਖ ਹੀ ਦਾੜ੍ਹੀਆਂ ਚੜ੍ਹਾਇਆ ਕਰਦੇ ਸਨ, ਹੁਣ ਤਾਂ ਹਰ ਇਕ ਮਹਿਕਮੇ ਦੇ ਸਿਖ ਮੁਲਾਜ਼ਮ ਸਾਰੇ ਦੇ ਸਾਰੇ ਹੀ ਦਾੜ੍ਹੀਆਂ ਚੜ੍ਹਾਉਂਦੇ ਹਨ । ਗੁਰਦਵਾਰੇ ਵਿਚ ਭੀ ਆਉਂਦੇ ਹਨ । ਗੁਰੂ ਗ੍ਰੰਥ ਸਾਹਿਬ ਦੇ ਅਗੇ ਮੱਥਾ ਟੇਕਦੇ ਹਨ ਤਾਂ ਓਹਨਾਂ ਦੀਆਂ ਚੜ੍ਹੀਆਂ ਦਾੜ੍ਹੀਆਂ ਗੁਰੂ ਚਰਨੀ ਲਗ ਹੀ ਨਹੀਂ ਸਕਦੀਆਂ ਹਿੰਦੂਆਂ ਦੀ ਦੇਖਾ ਦੇਖੀ ਰੀਸੋ ਕੁਰੀਸੇ ਪੈ ਰਹੇ ਹਨ ।

**ਦਿਲੋਂ ਤਾਂ ਇਹੋ ਚਾਹੁੰਦੇ ਹਨ ਕਿ ਦਾੜ੍ਹੀਆਂ ਕਿਉਂ ਆ ਗਈਆਂ ?**



www.AKJ.Org

ਪਰ ਆਈਆਂ ਦਾੜ੍ਹੀਆਂ ਦੀ ਲਾਜ ਜ਼ਰੂਰ ਰਖਣੀ ਪੈਂਦੀ ਹੈ, ਸਿਖ ਭੀ ਕਹੌਂਦੇ ਰਹਿਣ ਤੇ ਆਪੋ ਆਪਣੇ ਡੀਪਾਰਟਮੈਂਟਾਂ ਦੇ ਅਫਸਰਾਂ ਨੂੰ ਖੁਸ਼ ਕਰਦੇ ਰਹਿਣ ਪਰ ਉਹ ਖੁਸ਼ ਫੇਰ ਭੀ ਨਹੀਂ ਹੁੰਦੇ। ਉਹ ਆਨਮਤੀ ਲੋਗ ਤਾਂ ਇਸ ਗਲ ਵਿਚ ਖੁਸ਼ ਹਨ ਕਿ ਸਿਖ ਭੀ ਸਾਰੇ ਉਹਨਾਂ ਵਾਂਗ ਮੋਨੇ ਹੋ ਜਾਣ। ਸ੍ਵਾਰਥੀ ਸਿਖ ਚਾਹੇ ਹਿੰਦੂਆਂ ਵਾਲੀ ਦਾੜ੍ਹੀ ਮੁੰਨਣ ਵਾਲੀ ਵਾਦੀ ਵਿਚ ਤਾਂ ਨਹੀਂ ਪੈ ਸਕਦੇ ਪਰ ਦਾੜ੍ਹੀ ਮੁੜ ਚੁੰਨ ਕੇ ਮਰੋੜ ਤੋੜ ਕੇ ਚੜ੍ਹਾਉਣ ਵਿਚ ਹੀ ਹਿੰਦੂਆਂ ਦੀ ਸਵਾਰਥ ਪਸਿੰਦ ਖੁਸ਼ਨੂਦੀ ਲੈਂਦੇ ਹਨ। ਇਹ ਸਵਾਰਥ ਪਸਿੰਦ ਸਿਖਾਂ ਦੀ ਕਿਸੇ ਕੰਮ ਭੀ ਨਹੀਂ ਆਉਂਣੀ ਸਗੋਂ ਆਪਣਾ ਹੀ ਪਰਮਾਰਥ ਵਿਗਾੜ ਬੈਠਣਗੇ। ਸਵਾਰਥ ਪਸਿੰਦ ਵਿਗੜੇ ਹੋਏ ਸਿਖ ਅਗੋਂ ਇਹ ਹੁੱਜਤ ਭੇੜਦੇ ਹਨ ਕਿ ਦਾੜ੍ਹੀ ਚੜ੍ਹਾਉਣ ਵਿਚ ਪਰਮਾਰਥ ਕਿਵੇਂ ਵਿਗੜ ਜਾਂਦਾ ਹੈ ਪਰਮਾਰਥ ਦਾ ਸਨਬੰਧ ਤਾਂ ਮਨ ਦੇ ਨਾਲ ਹੈ। ਇਹੋ ਦਾੜ੍ਹੀ ਮੁੰਨੇ ਭੇੜਿਆ ਕਰਦੇ ਹਨ ਤਾਂ ਅਸੀਂ ਉਹਨਾਂ ਦਾੜ੍ਹੀ ਮੁੰਨਿਆਂ ਨੂੰ ਤਾਂ ਇਹ ਜਵਾਬ ਦੇ ਦਿਆ ਕਰਦੇ ਹਾਂ ਕਿ:—

ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਇ॥
ਜੋ ਕਿਛ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਇ॥

ਤਿਸ ਪਰ ਮੂੰਹ ਸਿਰ ਮੁਨਣ ਹਾਰਿਆਂ ਨੂੰ ਹੋਰ ਤਾਂ ਉਤਰ ਫੁਰਦਾ ਨਹੀਂ ਪਰੰਤੂ ਅਗਲੇਰੇ ਵਾਕ ਦਾ ਆਸਰਾ ਲੈਂਦੇ ਹਨ—

ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ॥

ਇਸ ਗੁਰਵਾਕ ਪੰਗਤੀ ਦਾ ਅਸਲ ਭਾਵ ਉਹ ਜਾਣਦੇ ਹੀ ਨਹੀਂ। ਤਤ ਭਾਵ ਇਹ ਹੈ ਲਾਂਬੇ ਕੇਸ ਕਰਨ ਦਾ ਜੋ ਜਟਾਧਾਰੀ ਆਨਮਤੀ ਲੋਗ ਕੁਦਰਤੀ ਕੇਸਾਂ ਵਿਚ ਭਸਮ ਰੁਮਾ ਰੁਮਾ ਕੇ ਮਸਨੂਈ (ਬਨਾਵਟ) ਤੌਰ ਪਰ ਜਟਾਂ ਵਧਾਉਂਦੇ ਹਨ ਉਹਨਾਂ ਜਟਾ ਧਾਰੀਆਂ ਦੇ ਬਨਾਵਟੀ ਤੌਰ ਤੇ ਜਟਾਂ ਵਧਾਉਣ ਵਾਲੇ ਮਨਮਤੀ ਆਸ਼ੇ ਨੂੰ ਖੰਡਣ ਕੀਤਾ ਗਿਆ ਹੈ ਅਤੇ ਇਹ ਗਲ ਸਪਸ਼ਟ ਸਮਝਾਈ ਗਈ ਹੈ ਕਿ ਇਸ ਬਿਧ ਬਨਾਵਟੀ ਤੌਰ ਪਰ ਵਾਲਾਂ ਨੂੰ ਵਧਾਉਣ ਅਤੇ ਮਨਾਉਣ ਵਾਲੀਆਂ ਦੋਵਾਂ ਵਾਦੀਆਂ ਨੂੰ ਛਡ ਦਿਓ। ਕੁਦਰਤੀ ਤੌਰ ਪਰ ਕੇਸ ਆਏ ਹਨ ਤੇ ਆਉਂਦੇ ਹਨ। ਓਵੇਂ ਅਤੇ ਓਥੇ ਹੀ ਉਨ੍ਹਾਂ ਨੂੰ ਰਹਿਣ ਦਿਓ। ਅਤਾਸਤਨ ਪੈਰਾਸਤਾਨ ਦੋਈ ਵਾਦੀਆਂ ਗੁਰਮਤਿ ਅੰਦਰ ਮਮਨੂਹ ਹਨ। ਇਸ ਉਤਰ ਨੂੰ ਸੁਣ ਕੇ ਮੂੰਹ ਸਿਰ ਮੁੰਨੇ ਮਨੁਸ਼ਾਂ ਦੇ ਮੂੰਹ ਨੂੰ ਤਾਂ ਜਿੰਦੇ ਲਗ ਜਾਂਦੇ ਹਨ ਤੇ ਉਹਨਾਂ ਨੂੰ ਕੋਈ ਅਗੋਂ ਉਤਰ ਦੇਣਾ ਫੁਰਦਾ ਹੀ ਨਹੀਂ।

ਪਰ ਅਸਾਡੇ ਦਾੜ੍ਹੀ ਚਾੜ੍ਹਨ ਵਾਲੇ ਭਰਾ ਖਾਸ ਕਰ ਠੋਡੀ ਦੀ ਗਲੂੰਡੀ ਕਰਕੇ ਰਖਣ ਹਾਰੇ ਮਨ ਹੁਜਤੀ ਸਿਖ ਭਾਈ ਕੇਵਲ ਏਹੋ ਹੁਜਤ ਅਗੋਂ ਡਾਹਿਆ ਕਰਦੇ ਹਨ ਕਿ ਦੇਖੋ ਸੀਸ ਦੇ ਕੇਸਾਂ ਦਾ ਭੀ ਜੂੜਾ ਕੀਤਾ ਜਾਂਦਾ ਹੈ, ਅਸੀਂ ਜੇ ਦਾੜ੍ਹੀ ਦੇ ਹੇਠਾਂ ਜੂੜਾ ਕਰ ਲਿਆ ਜਾਂ ਦਾੜ੍ਹੀ ਚੜ੍ਹਾ ਲਈ ਤਾਂ ਕੇਹੜਾ ਲੋਹੜਾ ਆ ਗਿਆ ਇਸ ਦਾ ਉਤਰ ਏਤਨਾ ਕਾਫੀ ਹੈ ਕਿ ਗੁਰਸਿਖਾਂ ਨੇ ਦਸਮੇਸ਼ ਜੀ ਦੀ ਦ੍ਰਿੜਾਈ ਰਹਿਤ ਬਹਿਤ ਨੂੰ ਪਹਿਲੋਂ ਮੁਖ ਰਖਣਾ ਹੈ ਤੇ ਉਹਨਾਂ ਦੇ ਉਚਾਰੇ ਸ੍ਰੀ ਮੁਖਵਾਕ ਭੀ ਪਾਲਣੇ ਹਨ। ਜੈਸਾ ਕਿ ਮਹਾਂਵਾਕ ਹੈ:—

'ਕੰਘਾ ਦੋਨੋਂ ਵਕਤ ਕਰ ਪਾਗ ਚੁਨੇ ਕਰ ਬਾਂਧਈ'

ਸੀਸ ਉਤੇ ਚੁਣ ਕੇ ਦਸਤਾਰ ਤਦੋਂ ਸਜਾਈ ਜਾ ਸਕਦੀ ਹੈ ਕਿ ਜੇਕਰ ਸੀਸ ਦੇ ਕੇਸਾਂ ਨੂੰ ਬਿਖਰਨੋਂ ਸੰਭਾਲ ਕੇ ਕੇਸਾਂ ਦਾ ਸੀਸ ਉਤੇ ਜੂੜਾ ਕੀਤਾ ਜਾਵੇ ਪਰੰਤੂ ਦਾੜ੍ਹੀ ਚਪਕੌਣ ਮਰੋੜਨ ਮਚਕੋੜਨ ਹਾਰਿਆਂ ਨੂੰ ਇਸ ਪਰਕਾਰ ਦੀ ਕੋਈ ਲੋੜ ਹੀ ਨਹੀਂ ਪੈਂਦੀ। ਦਾੜ੍ਹੀ ਤੇ ਠਾਠੀ ਬੰਨ੍ਹਕੇ ਜਾਂ ਜਾਲੀ ਬਨ੍ਹ ਕੇ ਦੀਵਾਨ ਵਿਚ ਔਣਾ ਹੋਰ ਭੀ ਭੈੜੀ ਮਨਮਤਿ ਹੈ। ਫੌਜ ਵਿਚ ਭੀ ਪੱਕੀ ਰਹਿਤ ਰਹਿਣੀ ਰਹਿਣ ਵਾਲੇ ਕਈ ਇਕ ਸ਼ਰਧਾਲੂ ਸਿਖ ਵੇਖਣ ਵਿਚ ਆਏ ਹਨ ਕਿ ਉਹ ਸਾਰੀ ੨ ਉਮਰ ਫੌਜ ਵਿਚ ਰਹਿੰਦਿਆਂ ਹੋਇਆਂ ਦਾੜ੍ਹੀ ਚਾੜ੍ਹਦੇ ਹੀ ਨਹੀਂ। ਫੌਜੀ ਸਿੰਘਾਂ ਲਈ ਇਹ ਕਾਨੂੰਨ ਮੰਨ



www.AKJ.Org

ਲੈਣਾ ਭੀ ਮਹਾਂ ਮਨਮਤ ਹੈ ਕਿ ਫੌਜੀ ਸਿੰਘਾਂ ਲਈ ਦਾੜ੍ਹੀ ਚਾੜ੍ਹਨੀ ਜ਼ਰੂਰੀ ਹੈ। ਐਸਾ ਮੰਨ ਲੈਣਾ ਮਹਾਂ ਕਮਜ਼ੋਰੀ ਹੈ। ਕਮਜ਼ੋਰੀ ਐਸੀ ਵਾਪਰ ਗਈ ਹੈ ਕਿ ਫੌਜੀ ਸਿੰਘਾਂ ਦੀ ਵੇਖੋ ਵੇਖੀ ਦੂਜੇ ਮਹਿਕਮਿਆਂ ਦੇ ਸਿੱਖ ਭੀ ਬੇਦਰੰਗ ਦਾੜ੍ਹੀਆਂ ਚਾੜ੍ਹਨ ਲਗ ਪਏ ਹਨ। ਐਥੋਂ ਤਕ ਕਿ ਨਿਝੱਕ ਹੋ ਕੇ ਅਜ ਸਮੂਹ ਮਹਿਕਮਿਆਂ ਦੇ ਅਜੇਹੇ ਸਮੂਹ ਮੁਲਾਜ਼ਮ ਸਿੱਖ ਗੁਰੂ ਕੇ ਦੀਵਾਨਾਂ ਵਿਚ ਭੀ ਦਾੜ੍ਹੀਆਂ ਨਰੜ ਕੇ ਆਉਂਦੇ ਹਨ। ਦਾੜ੍ਹੀਆਂ ਨਰੜ ਕੇ ਦੀਵਾਨਾਂ ਵਿਚ ਆਉਣ ਨੂੰ ਫਖਰ ਸਮਝਿਆ ਜਾਂਦਾ ਹੈ। ਤੁਸੀਂ ਅਜ ਕਲ ਗੁਰੂ ਕੇ ਦੀਵਾਨਾਂ ਵਿਚ ਵੇਖੋਗੇ ਕਿ ਕੋਈ ਅਜੇਹੇ ਵਿਰਲੇ ਵਾਂਝੇ ਸਿਖ ਹੀ ਹੁੰਦੇ ਹਨ ਕਿ ਜਿਨ੍ਹਾਂ ਦੇ ਗੁਰਮੁਖੀ ਦਾੜ੍ਹੇ ਹੁੰਦੇ ਹਨ। ਨਹੀਂ ਤੇ ਸਾਰਿਆਂ ਨੂੰ ਹੀ ਇਹ ਵਾਦੀ ਵਗੀ ਹੋਈ ਹੈ ਕਿ ਦਾੜ੍ਹੇ ਨਰੜ ਕੇ ਦੀਵਾਨਾਂ ਵਿਚ ਔਣਗੇ। ਦਾੜ੍ਹੇ ਨਰੜ ਕੇ ਦੀਵਾਨਾਂ ਵਿਚ ਔਣ ਤੋਂ ਕਦੇ ਭੀ ਨਹੀਂ ਝਿਜਕਣਗੇ ਦਾੜ੍ਹੀ ਨਰੜਨ ਵਾਲੇ ਨਾਮ ਧਰੀਕ ਸਿਖਾਂ ਨੂੰ ਆਪਣੀ ਨਾਮ ਧਰੀਕ ਸਰਕਾਰ ਦਾ ਸਰਕਾਰੀ ਸਵਾਰਥੀ ਆਰਡਰ ਮੰਨਣਾ ਮੁਖ ਜਾਪਦਾ ਹੈ। ਸਚੀ ਸਰਕਾਰ ਦੇ ਸਚੇ ਹੁਕਮ ਨੂੰ ਤਾਂ ਹੀ ਤੇ ਉਹ ਪਿਠ ਦੇਈ ਫਿਰਦੇ ਹਨ। ਸਾਨੂੰ ਖਤਰਾ ਹੈ ਕਿ ਕਈ ਸਵਾਰਥ ਪੇਸ਼ਾ ਸਿਖੜਿਆਂ ਦੀ ਨੌਬਤ ਏਥੇ ਤਾਈਂ ਨਾ ਪੁਜ ਜਾਵੇ ਕਿ ਅਜ ਕਲ ਨਾਸਤਕ ਲਹਿਰ ਵਿਚ ਰੁੜ੍ਹ ਕੇ ਨਿਰੇ ਨਾਸਤਕ ਹੀ ਨਾ ਬਣ ਬੈਠਨ। ਕਿਤੇ ਦਾੜ੍ਹੀ ਕੇਸਾਂ ਨੂੰ ਜਵਾਬ ਹੀ ਨਾ ਦੇ ਦੇਣ ਜੈਸਾ ਕਿ ਅਨੇਕਾਂ ਹੁੱਦੇ ਦੇ ਗਾਹਕ ਮੁਲਾਜ਼ਮਾਂ ਸਰਕਾਰੀ ਅਫਸਰਾਂ ਖਾਸ ਕਰ ਫੌਜੀ ਹੁਦੇਦਾਰਾਂ ਪ੍ਰਥਾਇ ਸੁਣਿਆ ਗਿਆ ਹੈ ਕਿ ਉਹ ਕੂੜਾਵੇ ਹੁੱਦਿਆਂ ਦੀ ਖਾਤਰ ਦਾੜ੍ਹੀ ਕੇਸ ਮੁਨਾਈ ਫਿਰਦੇ ਹਨ। ਕੂੜਾਵੀਆਂ ਕਪਤਾਨੀਆਂ, ਕਰਨੈਲੀਆਂ ਜਰਨੈਲੀਆਂ ਉਹਨਾਂ ਦੇ ਕਿਸੇ ਕੰਮ ਨਹੀਂ ਆਉਣੀਆਂ ਐਥੇ ਹੀ ਰਹਿ ਜਾਣਗੀਆਂ। ਗੁਰੂ ਕੀ ਦਰਗਾਹ ਵਿਚ ਉਹਨਾਂ ਨੂੰ ਐਸੇ ਧਕੇ ਪੈਣਗੇ ਕਿ ਕਿਸੇ ਕੂੜਾਈ ਸਰਕਾਰ ਦੀਆਂ ਸਫਾਰਸ਼ਾਂ ਨੇ ਕੰਮ ਨਹੀਂ ਸਾਰਨਾ ਪਛਤੌਣਾ ਹੀ ਪਛਤੌਣਾ ਰਹਿ ਜਾਵੇਗਾ।

ਅਸਾਡਾ ਇਹ ਹਰਗਿਜ਼ ਯਕੀਨ ਨਹੀਂ ਕਿ ਹਰ ਪਰਕਾਰ ਦੇ ਦਾੜ੍ਹੀ ਚਾੜ੍ਹਨ ਹਾਰੇ ਸਿਖਾਂ ਦਾ ਸੁਪਨ ਮਾਤਰ ਵਿਚ ਵੀ ਐਸਾ ਖਿਆਲ ਹੈ। ਬਲਕਿ ਉਹਨਾਂ ਨੂੰ ਦਾੜ੍ਹੀ ਕੇਸਾਂ ਦੀ ਰਖਿਆ ਦਾ ਪੱਕਾ ਯਕੀਨ ਹੈ, ਉਹਨਾਂ ਨੂੰ ਦਾੜ੍ਹੀ ਮਰੋੜਨ ਮਚਕੋੜਨ ਦਾ ਦੇਖਾ ਦੇਖੀ ਰਿਵਾਜ ਪਿਆ ਹੋਇਆ ਹੈ। ਪਰੰਤੂ ਇਹ ਐਸਾ ਭੈੜਾ ਰਿਵਾਜ ਪਿਆ ਹੈ ਕਿ ਦਿਨੋਂ ਦਿਨ ਵਧਦਾ ਹੀ ਜਾਂਦਾ ਹੈ ਏਥੋਂ ਤਾਈ ਕਿ ਕਿਸੇ ਭੀ ਮਹਿਕਮੇ ਦਾ ਕੋਈ ਐਸਾ ਨਜ਼ਰ ਨਹੀਂ ਆਉਂਦਾ ਕਿ ਜੋ ਦਾੜ੍ਹੀ ਨਾ ਨਰੜਦਾ ਹੋਵੇ। ਸਾਨੂੰ ਬੜੇ ਅਫਸੋਸ ਨਾਲ ਇਹ ਗਲ ਕਹਿਣੀ ਪੈਂਦੀ ਹੈ ਕਿ ਕਈ ਇਕ ਐਸੇ ਸਿਖ ਭੀ ਹਨ ਜੋ ਆਪਣੀਆਂ ਜਨਾਨੀਆਂ ਨੂੰ ਆਪਣੇ ਪਤੀਆਂ ਦੀਆਂ ਚੜ੍ਹੀਆਂ ਦਾੜ੍ਹੀਆਂ ਹੀ ਚੰਗੀਆਂ ਲਗਦੀਆਂ ਹਨ।

ਜਥੇ ਵਿਚ ਐਸੇ ਕੇਸ ਭੀ ਪੇਸ਼ ਹੋਏ ਹਨ ਕਿ ਸਿੰਘਾਂ ਨੂੰ ਜਦੋਂ ਪੁਛਿਆ ਗਿਆ ਕਿ ਤੁਸੀਂ ਅਪਣੀਆਂ ਜਨਾਨੀਆਂ ਨੂੰ ਘਰ ਕਿਉਂ ਨਹੀਂ ਵਸਾਉਂਦੇ। ਤਾਂ ਓਹਨਾਂ ਨੇ ਸਪਸ਼ਟ ਉਤਰ ਦਿਤਾ ਕਿ ਉਹਨਾਂ ਦੀਆਂ ਜਨਾਨੀਆਂ ਇਹ ਚਾਹੁੰਦੀਆਂ ਹਨ ਕਿ ਕਾਲੇ ਵਾਲਾਂ ਨੂੰ ਘਰੜ ਮੁਨਾ ਦੇਣ ਤਾਂ ਅਸੀਂ ਓਹਨਾਂ ਦੇ ਵਸਾਂਗੀਆਂ। ਪਰੰਤੂ ਤਿਨਾਂ ਸਿਦਕੀ ਸਿੰਘਾਂ ਨੂੰ ਇਹ ਮਨਜ਼ੂਰ ਨਹੀਂ ਸੀ। ਕਿ ਆਪਣੀਆਂ ਕੁਵੱਲੀਆਂ (ਬੋਧਿਆਂ) ਇਸਤਰੀਆਂ ਦੇ ਗੁਰਮਤਿ ਹੀਣੇ ਤੇ ਮਨਮਤ ਭਰੇ ਇਸ ਹੁਕਮ ਨੂੰ ਮੰਨਣ, ਤਾਂ ਤੇ ਤਿਨ੍ਹਾਂ ਦਾ ਤਿਆਗ ਹੀ ਓਹਨਾਂ ਨੂੰ ਭਲਾ ਜਾਪਿਆ। ਪੜਤਾਲ ਕਰਨ ਤੋਂ ਪਤਾ ਲਗਾ ਕਿ ਕਈਆਂ ਨੇ ਆਪਣੇ ਕਾਲੇ ਵਾਲ ਪੁਟ ਕੇ ਸਾਫ ਕਰ ਛਡੇ ਸਨ। ਕਈ ਨਾਮ ਧ੍ਰੀਕ ਸਿਖ ਸਿਖਣੀਆਂ ਇੰਦਰ ਬਾਗ ਵਾਲੇ ਰੋਮਾਂ ਨੂੰ ਉਡਾ ਦੇਣਾ ਅਤੇ ਘਰੜ ਮੁਨਾ



www.AKJ.Org

ਦੇਣਾ ਮਨਮਤ ਹੀ ਨਹੀਂ ਸਮਝਦੇ। ਜੋ ਕੱਚ ਘਰੜ ਸਿਖ ਕੇਵਲ ਮਨਮੰਨੀ ਸਰੀਰਕ ਸੁਹੱਪਣ ਖਾਤਰ ਦਾੜ੍ਹੀਆਂ ਦੀ ਬੇਅਦਬੀ ਕਰਦੇ ਹਨ, ਉਹ ਮਹਾਂ ਮਨ ਮਤੀਏ ਹਨ ਦਾੜ੍ਹੀਆਂ ਸੋਹਣੀਆਂ ਲਗਣ ਲਈ ਚੜ੍ਹਾਉਣਾ, ਮਰੋੜਨਾ ਮਚਕੋੜਨਾ ਭਾਰੀ ਮਨਮਤਿ ਹੈ।

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ।
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ।

ਗੁਰਵਾਕ ਦੇ ਭਾਵ ਅਨੁਸਾਰ ਨਿਤ ਨਵੇਂ ਦਿਨ ਅਤੇ ਨਵੇਂ ਸਿਰੇ ਦਾੜ੍ਹੀਆਂ ਮੁੰਨਣ ਵਾਲੇ ਪਰਾਨੀ ਵਾਹਿਗੁਰੂ ਦਾ ਭਾਣਾ ਛਡਕੇ ਨਿਰਾ ਆਪਣੇ ਮਨ ਦਾ ਮਤਾ ਮੰਨ ਕੇ ਚਲਣ ਹਾਰੇ ਮਨਮੁਖ ਵਿਛੜਿ ਚੋਟਾਂ ਖਾਵਣ ਹਾਰ ਪਰਾਨੀ ਹਨ। ਜੋ ਸਚਿਆਰ ਸਿਖ ਗੁਰੂ ਵਾਹਿਗੁਰੂ ਦਾ ਭਾਣਾ ਸਤਿ ਸਤਿ ਕਰਕੇ ਮੰਨਦੇ ਹਨ ਉਹ ਕਦੇ ਭੀ ਵਾਹਿਗੁਰੂ ਦੇ ਭਾਣੇ ਤੋਂ ਉਲਟ ਦਾੜ੍ਹੀਆਂ ਕੇਸਾਂ ਦਾ ਮੁੰਡਣ ਨਹੀਂ ਕਰਾਉਂਦੇ।

ਓਹੀ ਗੁਰੂ ਕੇ ਸੇਵਕ ਸਿਖ ਹਨ ਜੋ ਗੁਰਬਾਣੀ ਰਾਹੀਂ ਆਇਆ ਹਰ ਇਕ ਹੁਕਮ ਸਤਿ ਸਤਿ ਕਰ ਮੰਨਦੇ ਹਨ। ਖਿਨ ਖਿਨ ਸਵਾਸਿ ਸੁਵਾਸਿ ਨਾਮ ਅਭਿਆਸ ਸਿਮਰਨ ਕਰਨਾ ਖਾਸ ਮਖਸੂਸੀ ਗੁਰੂ ਵਾਹਿਗੁਰੂ ਨੂੰ ਦਿਨੇ ਰਾਤਿ ਸੇਵਨਾ ਹੈ। ਇਸ ਪਰਕਾਰ ਸੇਵਨ ਹਾਰ ਗੁਰੂ ਕੇ ਸਿਖ ਦਿਨੇ ਰਾਤ ਅਨੰਦ ਵਿਗਾਸ ਵਿਚ ਹੀ ਰਹਿੰਦੇ ਹਨ। ਸਚੀਆਂ ਗੁਰਮੁਖੀ ਦਾੜ੍ਹੀਆਂ ਵਾਲੇ ਗੁਰੂ ਨਾਨਕ ਸਾਹਿਬ ਦੇ ਘਰ ਦੇ ਲਾਲ ਹੀ ਸੋਹਣੇ ਮੁਖੜੇ ਵਾਲੇ ਹਨ, ਅਜੇਹੇ ਗੁਰੂ ਕੇ ਲਾਲ ਸਚੇ ਵਾਹਿਗੁਰੂ ਦੀ ਦਰਗਾਹ ਵਿਖੇ ਪਰਗਟ ਪਹਾਰੇ ਗੁਰਮੁਖ ਜਾਪਦੇ ਹਨ। ਉਹਨਾਂ ਦੇ ਚੇਹਰੇ ਉਤੇ ਸਚੀਆਂ ਗੁਰਮੁਖੀ ਦਾੜ੍ਹੀਆਂ ਸੋਹਿੰਦੀਆਂ ਹਨ ਅਤੇ ਮੁਖੋਂ ਸਚੇ ਵਾਹਿਗੁਰੂ ਦਾ ਸਚਾ ਨਾਮੁ ਖਿਨੁ ਖਿਨੁ ਉਚਾਰਨ ਕਰਦੇ ਰਹਿੰਦੇ ਹਨ। ਤਿਨ੍ਹਾਂ ਦੇ ਗੁਰਮੁਖੀ ਮੁਖਾਰਬਿੰਦ ਵਿਚੋਂ ਸਚੇ ਨਾਮ ਦਾ ਅਕਸੀਰ ਰਸੈਣੀ ਸਿਮਰਨ ਵੀ ਸਵਾਸਿ ਸਵਾਸਿ ਉਚਾਰਨ ਹੁੰਦਾ ਰਹਿੰਦਾ ਹੈ। ਉਹ ਹਰ ਦਮ ਸਚੇ ਨਾਮ ਦੀਆਂ ਅਭਿਆਸ ਕਮਾਈਆਂ ਕਰਦੇ ਰਹਿੰਦੇ ਹਨ। ਉਹਨਾਂ ਦੇ ਹਿਰਦੇ ਅੰਦਿਰ ਗੁਰਮਤਿ ਰੂਪੀ ਸਚਾ ਵਾਹਿਗੁਰੂ ਸ਼ਬਦ ਹੀ ਵਸਿਆ ਰਹਿੰਦਾ ਹੈ। ਜਿਸ ਸ਼ਬਦ ਗੁਰਮੰਤਰ ਦੇ ਖਿਨ ਖਿਨ ਅੰਦਰਿ ਰਸੇ ਰਹਿਣ ਕਰਕੇ ਉਹ ਸਦਾ ਸਤਿਗੁਰੂ ਗੁਰੂ ਵਾਹਿਗੁਰੂ ਦੇ ਸਚੇ ਸਰੂਪ ਵਿਖੇ ਹੀ ਸਮਾਏ ਰਹਿੰਦੇ ਹਨ। ਸਚੇ ਨਾਮ ਦੀ ਪੂੰਜੀ ਦੇ ਸਚੇ ਗ਼ਾਹਕ ਹੋਣ ਕਰਕੇ ਉਹ ਸਚੀ ਰਾਸੀ ਵਾਲੇ ਸਦਾਉਂਦੇ ਹਨ, ਸਚਾ ਨਾਮ ਰੂਪੀ ਧਨ ਹੀ ਉਹਨਾਂ ਦੇ ਪਲੇ ਪਿਆ ਰਹਿੰਦਾ ਹੈ। ਇਸ ਕਰਕੇ ਗੁਰੂ ਘਰ ਦੇ ਗੁਰਮੁਖੀ ਦਾੜ੍ਹੀਆਂ ਵਾਲੇ ਗੁਰਮੁਖ ਜਨ ਉਤਮ ਪਦਵੀ ਪਾਉਣ ਵਾਲੇ ਹਨ। ਉਹਨਾਂ ਦੇ ਸਰਵਣ (ਕੰਨਾਂ) ਅੰਦਰਿ ਸਚੇ ਨਾਮ ਦੀ ਧੁਨੀ ਹੀ ਖਿਨ ਖਿਨ ਪੈਂਦੀ ਸੁਣਾਈ ਦੇਂਦੀ ਹੈ ਕਿਉਂਕਿ ਮਨ ਬਚਨ ਕਰਮ ਕਰਕੇ ਉਹਨਾਂ ਦੀ ਸਰਧਾ ਅੰਤਰੀਵੀ ਸਿਦਕ ਭਾਵਨੀ ਨਾਮ ਸਿਮਰਨ ਵਿਖੇ ਹੀ ਜੰਮੀ ਰਹਿੰਦੀ ਹੈ। ਇਸ ਕਰਕੇ ਉਹ ਨਾਮ ਜਪਣ ਵਾਲੀ ਹੀ ਸਚੀ ਕਾਰ ਕਮੌਂਦੇ ਰਹਿੰਦੇ ਹਨ। ਤਿਨ੍ਹਾਂ ਗੁਰਮੁਖ ਜਨਾਂ ਦਾ ਹੀ ਵਾਹਿਗੁਰੂ ਦੀ ਸਚੀ ਦਰਗਾਹ ਵਿਚ ਸਸ਼ੋਭਤ ਹੋਣਾ ਸੋਹੰਦਾ ਹੈ ਅਤੇ ਸਚੇ ਵਾਹਿਗੁਰ ਦੇ ਸਰੂਪ ਵਿਚ ਕੇਵਲ ਤਿਨ੍ਹਾਂ ਗੁਰਮੁਖ ਜਨਾਂ ਦੀ ਹੀ ਸਮਾਈ ਹੁੰਦੀ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਸਚੇ ਸਤਿਗੁਰੂ ਬਾਝੋਂ ਅਜੇਹਾ ਸਚਾ ਨਾਮ ਵਾਹਿਗੁਰੂ ਕਦੇ ਭੀ ਪ੍ਰਾਪਤ ਨਹੀਂ ਹੁੰਦਾ

ਜੋ ਮਨਮੁਖ ਲੋਗ ਗੁਰੂ ਵਾਹਿਗੁਰੂ ਦੇ ਗੁਰਬਾਣੀ ਅੰਦਰ ਵਿਦਤਾਏ ਹੁਕਮਾਂ ਤੋਂ ਮੁਨਹਰਫ ਰਹਿੰਦੇ ਹਨ, ਉਹ ਸਦਾ ਹੀ ਭਰਮ ਜਾਲ ਵਿਚ ਫਸੇ ਹੋਏ ਭੁਲੇ ਹੀ ਰਹਿੰਦੇ ਹਨ ਅਤੇ ਭਰਮ ਭੁਲੇ ਹੀ ਚਲੇ ਜਾਂਦੇ ਹਨ।

ਏਹ ਇਬਾਰਤ ਉਪਰਲੇ ਮੁਢ ਵਿਚ ਦਿਤੇ ਗੁਰ


www.AKJ.Org

ਸ਼ਬਦ ਦੀ ਤੱਤ ਵਿਆਖਿਆ ਹੈ। ਸਾਰੇ ਸ਼ਬਦ ਦਾ ਭਾਵ ਏਹੋ ਹੀ ਹੈ ਕਿ ਗੁਰਮੁਖੀ ਖੁਲ੍ਹੀਆਂ ਦਾੜ੍ਹੀਆਂ ਵਾਲੇ ਗੁਰਮੁਖਾਂ ਦੀ ਕੀਤੀ ਕਮਾਈ ਹੀ ਸਫਲ ਹੁੰਦੀ ਹੈ। ਉਹੀ ਲੋਕ ਪਰਲੋਕ ਵਿਚ ਸੁਰਖਰੂ ਹੋ ਸਕਦੇ ਹਨ।

## ੨. ਦਾੜ੍ਹੇ ਦੀ ਬੇਅਦਬੀ ਦੇ ਕਾਰਨ

ਤੱਤ ਗੁਰਮਤ ਤੋਂ ਗੁਮਰਾਹ ਜੋ ਸੁਆਰਥੀ ਕਾਰਜ ਦੀ ਕਨੌਡ ਕਰਕੇ ਆਪਣੀਆਂ ਦਾੜ੍ਹੀਆਂ ਮਰੋੜਦੇ ਮਚਕੋੜਦੇ ਹਨ ਓਹਨਾਂ ਬਾਰੇ ਭਾਰੀ ਖਤਰਾ ਹੈ ਕਿ ਕਿਸੇ ਦਿਨ ਚੱਟਮ ਦਾੜ੍ਹੀਆਂ ਕਰਕੇ ਗੁਰ ਸਿੱਖੀ ਤੋਂ ਪਤਿਤ ਅਤੇ ਮੁਨਹਰਫ ਹੀ ਨਾ ਹੋ ਬੈਠਣ। ਅਜੇਹੇ ਸੁਆਰਥੀ ਕੰਮ ਕੱਢੂ ਦਾੜ੍ਹੀ ਮਰੋੜਾਂ ਮਚਕੋੜਾਂ ਨੂੰ ਨੰਬਰਵਾਰ ਹੇਠ ਲਿਖੇ ਅਨੁਸਾਰ ਵਖੋ ਵਖ ਸ਼ਰੇਣੀਆਂ ਵਿਚ ਵਰਣਨ ਕੀਤਾ ਜਾਂਦਾ ਹੈ:—

੧. ਸਭ ਤੋਂ ਪਹਿਲੇ ਉਹਨਾਂ ਭੇਖੀਆਂ ਦਾ ਜ਼ਿਕਰ ਕਰਨਾ ਅਹਮ ਜ਼ਰੂਰੀ ਹੈ ਜੋ ਵਿਆਹ (ਸ਼ਾਦੀ) ਕਰਾਉਣ ਦੀ ਖਾਤਰ ਦਾੜ੍ਹੀਆਂ ਚਾੜ੍ਹਦੇ ਹਨ। ਉਹਨਾਂ ਦੇ ਖਿਆਲ ਵਿਚ ਇਹ ਗਲ ਜੰਮੀ ਹੋਈ ਹੈ ਕਿ ਦਾੜ੍ਹੀ ਚਾੜ੍ਹੇ ਬਿਨਾਂ ਵਿਆਹ ਮੰਗਣੀ ਹੁੰਦੀ ਹੀ ਨਹੀਂ। ਕਈ ਇਕ ਐਸੇ ਭੇਖੀ ਦੇਖੇ ਗਏ ਹਨ ਜਿਨ੍ਹਾਂ ਨੂੰ ਏਸੇ ਵਿਆਹ ਵਾਲੀ ਕਨੌਡ ਨਮਿਤ ਦਾੜ੍ਹੀ ਚਾੜ੍ਹਦਿਆਂ ਸਾਲਾਂ ਦੇ ਸਾਲ ਗੁਜ਼ਰ ਗਏ, ਪਰ ਮੰਗਣੀ ਵਿਆਹ ਉਹਨਾਂ ਦੀਆਂ ਬੰਨ੍ਹੀਆਂ ਦਾੜ੍ਹੀਆਂ ਹਰ ਭੀ ਲੰਬੀਆਂ ਹੋ ਗਈਆਂ ਉਹ ਵਿਚਾਰੇ ਕਰਨ ਤਾਂ ਕੀ ਕਰਨ ਜਿਥੇ ਲੰਬੀ ਦਾੜ੍ਹੀ ਹੋਣ ਦੇ ਖਤਰੇ ਕਰਕੇ ਉਹਨਾਂ ਦਾੜ੍ਹੀਆਂ ਚਾੜ੍ਹਨੀਆਂ ਸ਼ੁਰੂ ਕੀਤੀਆਂ ਸੀ ਉਹ ਖਤਰਾ ਉਹਨਾਂ ਦੇ ਐਸਾ ਦਰਪੇਸ਼ ਆਇਆ ਕਿ ਦਾੜ੍ਹੀਆਂ ਉਹਨਾਂ ਦੀਆਂ ਅਗੇ ਨਾਲੋਂ ਭੀ ਲੰਮੀਆਂ ਹੋ ਗਈਆਂ ਕਿਉਂਕਿ ਮੈਂ ਵਾਰਨ ਸਿੰਗਾਰਨ ਦੀ ਕੁਮਤੜੀ ਵਿਚ ਹੀ ਪਏ ਰਹਿੰਦੇ ਹਨ। ਕਈਆਂ ਦੇ ਹੀਰੇ (ਧੌਲੇ) ਭੀ ਦਾੜ੍ਹੀ ਵਿਚ ਆ ਜਾਂਦੇ ਹਨ, ਜਿਨ੍ਹਾਂ ਨੂੰ ਚੁਗਣ ਚੁਣਨ ਤੋਂ ਭੀ ਉਹ ਭੈ ਨਹੀਂ ਖਾਂਦੇ। ਕਈ ਤਾਂ ਮੂੰਹ ਉਤੇ ਗੋਹਾ (ਵਸਮਾਂ) ਲਾ ਲੈਂਦੇ ਹਨ, ਤਾਕਿ ਉਹ ਮੁੰਡੇ ਹੀ ਪ੍ਰਤੀਤ ਹੋਣ ਤੇ ਕਿਸੇ ਦੀ ਕੁੜੀ ਉਹਨਾਂ ਦੇ ਜਾਲ ਵਿਚ ਫਸ, ਜਾਵੇ। ਜਿਨ੍ਹਾਂ ਨੂੰ ਸਤਿਗੁਰੂ ਨੇ ਸਰਧਾ ਸਿਦਕ ਭਾਵਨੀ ਦਿਤੀ ਹੋਈ ਹੈ, ਉਹ ਕਦੇ ਵੀ ਇਹਨਾਂ ਕੁਬਿਧਤਾਂ ਵਿਚ ਨਹੀਂ ਪੈਂਦੇ।

ਸਾਨੂੰ ਇਥੇ ਇਕ ਸਿਦਕੀ ਸਰਧਾਵਾਨ ਸਿੰਘ ਦੀ ਉਦਾਹਰਨ ਚੇਤੇ ਆਈ ਹੈ, ਜਿਸ ਦਾ ਇੰਨ ਬਿੰਨ ਏਥੇ ਲਿਖਣਾ ਪ੍ਰਮ ਜ਼ਰੂਰੀ ਭਾਸਦਾ ਹੈ। ਇਕ ਗੁਰੂ ਕੀ ਰਹਿਤ ਰਹਿਣੀ ਬਹਿਣੀ ਵਾਲੇ ਸਿਦਕੀ ਸਿੰਘ ਪਰਮ ਸ਼ਰਧਾਵਾਨ ਦੇ ਘਰੋਂ ਸਿੰਘਣੀ ਗੁਜ਼ਰ ਗਈ। ਉਸ ਨੂੰ ਉਸ ਦੇ ਸਬੰਧੀਆਂ ਨੇ ਪਰੇਰ ਕੇ ਦੂਜੀ ਸ਼ਾਦੀ ਲਈ ਉਭਾਰ ਲਿਆ ਅਤੇ ਨਾਤਾ ਭੀ ਕਿਤੋਂ ਲਿਆ ਦਿਤਾ। ਜਦ ਨਾਤਾ ਹੋ ਚੁਕਿਆ ਤਾਂ ਨਿਕਟ ਵਰਤੀ ਸੰਸਾਰੀ ਲੋਕ ਉਸ ਸਿਦਕਵਾਨ ਸਿੰਘ ਨੂੰ ਐਉਂ ਪ੍ਰੇਰਨ ਲਗੇ ਕਿ ਯਾ ਤਾਂ ਦਾੜ੍ਹੀ ਤੇ ਵਸਮਾ ਲਾ ਲਵੋ ਯਾ ਧੌਲੇ ਚੁਗਾ ਲਵੋ। ਉਸ ਸਰਧਾਵਾਨ ਸਿੰਘ ਨੇ ਇਹ ਉਤਰ ਦੇ ਕੇ ਸਭ ਦੇ ਮੂੰਹ ਤੇ ਚਪੇੜ ਲਾਈ ਕਿ ਮੈਨੂੰ ਐਸਾ ਨਾਤਾ ਲੈਣ ਦੀ ਕੋਈ ਲੋੜ ਨਹੀਂ, ਜਿਸ ਦੇ ਕਾਰਨ ਮੈਨੂੰ ਮੂੰਹ ਕਾਲਾ ਕਰਨਾ ਪਵੇ। ਮੂੰਹ ਕਾਲਾ ਕਰਾ ਕੇ (ਵਸਮਾਂ ਲਵਾ ਕੇ) ਫੇਰ ਤੁਸੀਂ ਦਾੜ੍ਹੀ ਨਰੜਨ ਲਈ ਕਹੋਗੇ। ਦੂਜੀ ਗਲ ਤੁਸੀਂ ਜੋ ਧੌਲੇ ਚੁਗਾਉਣ ਵਾਲੀ ਗੱਲ ਆਖੀ ਹੈ, ਇਹ ਨਿਰੀ ਗੁਰਮਤ ਤੋਂ ਹੀਣੀ ਮਨਮਤ ਵਾਲੀ ਗੱਲ ਹੈ ਗੁਰਮਤ ਇਹ ਦ੍ਰਿੜਾਉਂਦੀ ਹੈ ਕਿ ਇਹ ਧੌਲੇ ਨਹੀਂ ਹੀਰੇ ਹਨ। ਕੌਡੀਆਂ ਦੇ ਵਪਾਰ ਲਈ ਇਹਨਾਂ ਨੂੰ ਵੇਚ ਦੇਵਾਂ? ਅਸਾਡੇ ਸਾਹਮਣੇ ਦੀ ਗਲ ਹੈ ਕਿ ਕਈਆਂ ਮਨਮਤੀਆਂ ਅਤੇ ਮਨਮਤਣਾਂ ਨੇ ਬਥੇਰਾ ਜ਼ੋਰ ਲਾਇਆ ਕਿ ਉਸ ਸਜਣ ਨੂੰ ਗੁਰਮਤ ਦ੍ਰਿੜ੍ਹੀ ਸਰਧਾ ਸਿਦਕ ਭਾਵਨੀ ਤੋਂ ਗੇਰ ਦੇਣ। ਪਰ ਉਹ ਗੁਰੂ ਕਾ ਲਾਲ ਐਸੀ ਸ਼ੁਭ ਅਤੇ ਸੁੰਦਰ ਭਾਵਨਾ ਵਾਲਾ ਨਿਕਲਿਆ ਕਿ ਉਸ ਨੇ ਕਿਸੇ ਦੀ ਕੁਝ ਨਹੀਂ ਮੰਨੀ। ਸੋਹਣੇ



www.AKJ.Org

ਗੁਰਮੁਖੀ ਦਾੜ੍ਹੇ ਸਮੇਤ ਅਨੰਦ ਕਾਰਜ ਉਸ ਨੇ ਕਰਵਾਇਆ ਜਿਸ ਵਿਚ ਹੀਰੇ ਆਏ ਹੋਏ ਸਨ ਉਹ ਉਸੇ ਤਰਾਂ ਕਾਇਮ ਦਾਇਮ ਰਹੇ। ਅਸੀਂ ਖੁਦ ਉਸ ਅਨੰਦ ਕਾਰਜ ਵਿਚ ਸ਼ਾਮਲ ਸਾਂ। ਬੜੀਆਂ ਚੜ੍ਹਦੀਆਂ ਕਲਾਂ ਵਿਚ ਉਸ ਸਜਣ ਦਾ ਸਾਬਤ ਸੂਰਤੀ ਹੀਰੇ ਮੂਰਤੀ ਦਾੜ੍ਹੇ ਸੰਜੁਗਤ ਅਨੰਦ ਕਾਰਜ ਹੋਇਆ, ਜੋ ਅਜ ਤਾਈਂ ਬੜੇ ਅਨੰਦ ਮਗਨਤਾ ਸਹਿਤ ਦ੍ਰਿੜ ਹਨ। ਵਾਰਨੇ ਬਲਿਹਾਰਨੇ ਜਾਈਏ ਅਜੇਹੇ ਗੁਰੂ ਦੇ ਸੁੰਦਰ ਭਾਵਨਾ ਵਾਲੇ ਸਿੰਘਾਂ ਤਾਈਂ। ਤਾਂਤੇ ਜੋ ਅਨਮਤ ਗ੍ਰਸ ਦਾੜੀ ਚਾੜ੍ਹੇ, ਦਾੜ੍ਹੀ ਨਰੜ ਪੁਰਸ਼ ਵਿਆਹ ਨਾਤਿਆਂ ਕਾਰਨ ਦਾੜ੍ਹੀਆਂ ਚਾੜ੍ਹਦੇ ਸੰਵਾਰਦੇ ਸ਼ੰਗਾਰਦੇ ਹਨ ਓੜਕ ਐਵੇਂ ਹੀ ਰਹਿ ਜਾਂਦੇ ਹਨ। ਅਜੇਹੇ ਢੀਠ ਪੁਰਸ਼ ਹੀ ਹਨ ਜੋ ਦਾੜ੍ਹੀ ਨਰੜ ਕੁਮਤੜੀ ਨੂੰ ਹੀ ਆਪਣੀ ਮਨ ਦੀ ਮਤੜੀ ਅਨੁਸਾਰ ਅਸਲ ਤੇ ਪਰਮ ਗੁਰਮਤ ਸਮਝਦੇ ਤੇ ਜਤਾਉਂਦੇ ਹਨ। ਵਾਸਤਵ ਵਿਚ ਉਹ ਪਰਮ ਭਲੇ ਪੁਰਸ਼ ਮੂੰਹ ਉਤੇ ਸੱਟਾਂ ਖਾਣਗੇ ਜੋ ਸਿੱਖ ਸਦਾ ਕੇ ਭੀ ਮੂੰਹ ਆਈਆਂ ਦਾੜ੍ਹੇ ਨਰੜ ਤੇ ਹੀਰੇ ਘਰੜ ਕੁਮਤੜੀਆਂ ਤੋਂ ਨਹੀਂ ਟਲਦੇ।

(੨) ਦੂਜੇ ਦਾੜ੍ਹੀ ਨਰੜਣ ਵਾਲੇ ਸੁਆਰਥੀ ਪੁਰਸ਼ ਉਹ ਹਨ ਜੋ ਸਿਰਫ ਨੌਕਰੀ ਦੀ ਕਨੌਡ ਕਰਕੇ ਦਾੜ੍ਹੀ ਨਰੜਦੇ ਹਨ। ਅਜੇਹੇ ਨੌਕਰੀ ਕਨੌਡੀਆਂ ਦੀ ਸਰਧਾ ਸਿਦਕ ਭਰੀ ਸਿਖੀ ਭੀ ਬੜੇ ਖਤਰੇ ਵਿਚ ਹੈ।

(੩) ਤੀਜੀ ਸ਼੍ਰੇਣੀ ਦੇ ਅਜੇਹੇ ਕਮਜ਼ੋਰ ਖਿਆਲਾਂ ਵਾਲੇ ਸਿਖੜੇ ਭੀ ਹਨ ਜੋ ਕੇਵਲ ਲਾਜ ਦੇ ਕਾਰਨ ਜਦੋਂ ਆਪੋ ਆਪਣੇ ਮਹਿਕਮਿਆਂ ਵਿਚ ਜਾਂਦੇ ਹਨ ਓਦੋਂ ਤਾਂ ਦਾੜ੍ਹੀ ਚੀਰ ਕੇ ਦੋ ਫਾੜ ਕਰਕੇ ਚੜ੍ਹਾ ਲੈਂਦੇ ਨਹ, ਪਰ ਜਦੋਂ ਗੁਰੂ ਦੀਆਂ ਸੰਗਤਾਂ ਵਿਚ ਆਉਂਦੇ ਹਨ ਓਦੋਂ ਦਾੜ੍ਹਾ ਸਿਧਾ ਗੁਰਮੁਖੀ ਕਰ ਲੈਂਦੇ ਹਨ ਇਕ ਪਰੋਫੈਸਰ ਪੇਸ਼ੇ ਵਾਲਾ ਸਿੰਘ ਦਾੜ੍ਹੀ ਚਾੜ੍ਹ ਕੇ ਕੀਰਤਨ ਕਰਨ ਲੱਗਾ ਪਰ ਅਸੀਂ ਉਸ ਨੂੰ ਬਾਜੇ ਉਤੇ ਨਾ ਬੈਠਣ ਦਿਤਾ ਕਿ ਦਾੜ੍ਹੀ ਖੋਲ੍ਹ ਕੇ ਬੈਠ। ਉਸ ਬੜੀ ਘਿਗਿਆ ਕੇ ਬੇਨਤੀ ਕੀਤੀ ਕਿ ਘਟ ਤੋਂ ਘਟ ਇਸ ਸ਼ਹਿਰ ਵਿਖੇ ਜਿਥੇ ਕਿ ਮੈਂ ਪਰੋਫੈਸਰ ਹਾਂ ਮੈਨੂੰ ਚੜ੍ਹੇ ਦਾੜ੍ਹੇ ਸਮੇਤ ਕੀਰਤਨ ਕਰਨ ਦੀ ਆਗਿਆ ਮਿਲ ਜਾਵੇ। ਅਸੀਂ ਬਿਲਕੁਲ ਨਾ ਮਨਜ਼ੂਰ ਕੀਤਾ, ਵਿਚੋਂ ਇਹ ਗਲ ਨਿਕਲੀ ਕਿ ਉਸ ਕਾਲਜ ਦੇ ਮੁੰਡੇ ਜਿਥੇ ਉਹ ਪਰੋਫੈਸਰ ਲਗਾ ਹੋਇਆ ਸੀ ਉਸ ਨੂੰ ਮੁਲਾਂ ਮੁਲਾਣਾਂ ਆਖ ਕੇ ਮੇਹਣਾ ਮਾਰਦੇ ਸਨ ਜਦੋਂ ਕਦੇ ਕਿਤੇ ਉਹ ਦਾੜ੍ਹਾ ਖੋਲ੍ਹ ਲੈਂਦਾ ਸੀ। ਜਿਨ੍ਹਾਂ ਗੁਰੂ ਕੇ ਤਾਰਿਆਂ ਸਿਖਾਂ ਨੂੰ ਗੁਰਮਤਿ ਨਾਲ ਸੱਚੀ ਸਿਦਕ ਭਾਵਨੀ ਹੈ ਉਹ ਬਰਸਾਂ ਬੱਧੀ ਸਕੂਲਾਂ ਦੇ ਹੈਡ ਮਾਸਟਰ ਤੇ ਕਾਲਜਾਂ ਦੇ ਪ੍ਰਿੰਸੀਪਲ ਭੀ ਰਹੇ। ਪਰੰਤੂ ਉਹਨਾਂ ਦੇ ਦਾੜ੍ਹੇ ਗੁਰਮੁਖੀ ਹੀ ਸਜੇ ਰਹੇ ਮਜਾਲ ਹੈ ਕਿ ਰੰਚਕ ਮਾਤਰ ਭੀ ਲਰਜ਼ਿਸ਼ ਆਈ ਹੋਵੇ।

(੪) ਚੋਥੀ ਸ਼੍ਰੇਣੀ ਦੇ ਅਜੇਹੇ ਨਾਮ ਧਰੀਕ ਸਿਖ ਹਨ ਜੋ ਕੇਵਲ ਸ਼ੁਕੀਨ ਬਨਣ ਦੀ ਖਾਤਰ ਦਾੜ੍ਹੀਆਂ ਚਾੜ੍ਹਦੇ ਹਨ ਤੇ ਮੁਛਾਂ ਮਰੋੜ ਕੇ ਰਖਦੇ ਹਨ ਦਸਤਾਰੇ ਦੇ ਉਪਰ ਤੁਰਲਾ ਭੀ ਰਖਦੇ ਹਨ। ਉਹਨਾਂ ਦਾ ਸ਼ੌਕ ਏਹੋ ਹੀ ਹੈ ਕਿ ਅਸੀਂ ਜਵਾਨ ਹੀ ਪਰਤੀਤ ਹੋਈਏ। ਏਸ ਜਵਾਨੀ ਨੇ ਸਦਾ ਰਹਿਣਾ ਨਹੀਂ। ਓੜਕ ਬੁਢੇਪਾ ਆ ਹੀ ਜਾਣਾ ਹੈ ਤੇ ਇਹਨਾਂ ਸ਼ੁਕੀਨਾਂ ਦਾ ਸ਼ੁਕੀਨੀ ਪਾਜ ਭੀ ਜ਼ਰੂਰ ਲਹਿਣਾ ਹੈ।

(੫) ਪੰਜਵੀਂ ਸ਼੍ਰੇਣੀ ਦੇ ਅਜੇਹੇ ਕਾਮ ਵਿਆਪਕ ਕੁਬੁਧ ਨਰ ਭੀ ਹਨ ਜੋ ਆਪਣੇ ਘਰ ਦੀਆਂ ਜੋਰੂਆਂ (ਜ਼ਨਾਨੀਆਂ) ਦੇ ਕਹੇ ਤੇ ਦਾੜ੍ਹੀਆਂ ਚੜ੍ਹਾਂਦੇ ਹਨ ਕਿ ਅਸੀਂ ਸੋਹਣੇ ਲਗੀਏ। ਅਜੇਹੀਆਂ ਜ਼ਨਾਨੀਆਂ ਨੂੰ ਤਾਂ



www.AKJ.Org

ਉਹ ਸੋਹਣੇ ਤਾਂ ਹੀ ਲਗਣਗੇ ਕਿ ਮੂੰਹ ਤੇ ਦਾੜੀ ਦਾ ਨਮੂਦ ਹੀ ਨ ਰਹੇ।

ਕੈਸੀ ਸ਼ਰਮਨਾਕ ਹਾਲਤ ਹੈ ਸ਼ਰਮਨਾਕ ਹੀ ਨਹੀਂ ਖਤਰਨਾਕ ਹੈ, ਉਪਰ ਅੰਕਤਾਏ ਪੰਜਾਂ ਨੰਬਰਾਂ ਵਿਚ ਆਏ ਦਾੜੀ ਨਰੜ ਭੇਖੀ ਸਿਖਾਂ ਦੀ ਜੋ ਦੋਹੀਂ ਸਰਾਈਂ ਨਿਰੇ ਝੂਠੇ ਤੇ ਪਾਜਲ ਸਿਖ ਹੀ ਰਹਿਣਗੇ। ਖਾਸ ਕਰ ਗੁਰੂ ਨਾਨਕ ਦਸਮੇਸ਼ ਜੀ ਦੀ ਸਚੀ ਦਰਗਾਹ ਵਿਚ ਉਹਨਾਂ ਨੂੰ ਕਦੇ ਭੀ ਢੋਈ ਨਹੀਂ ਮਿਲਣੀ। ਇਹ ਗਲ ਅਛੀ ਤਰਾਂ ਯਾਦ ਰਹੇ ਕਿ ਅਗਾੜੀਆਂ ਦਸੇ ਗੁਰੂ ਪਾਤਸ਼ਾਹੀਆਂ ਸਿਧੀਆਂ ਗੁਰਮੁਖੀ ਦਾੜੀਆਂ ਸਮੇਤ ਹੀ ਰਹੀਆਂ ਬਲਕਿ ਸਾਰੇ ਗੁਰੂ ਪਾਤਸ਼ਾਹੀਆਂ ਦੇ ਸਮੇਂ ਦੇ ਗੁਰਸਿਖ ਭੀ ਗੁਰਮੁਖੀ ਦਾੜਿਆਂ ਵਾਲੇ ਹੋਏ ਤੱਤ ਭਾਵ ਏਹੀ ਹੈ ਕਿ ਗੁਰਮੁਖੀ ਸਿਧੀਆਂ ਦਾੜੀਆਂ ਵਾਲੇ ਸਚੇ ਸਿੰਘ ਸੁਅਜਨ ਹੀ ਗੁਰੂ ਕੇ ਸਚਿਆਰ ਸਿੰਘ ਸੋਭਦੇ ਹਨ। ਇਹ ਦਾੜੀ ਨਰੜਨ ਦੀ ਕੁਬਿਧਤ ਕੇਵਲ ਦੇਖਾ ਦੇਖੀ ਹੀ ਪਈ ਹੋਈ ਹੈ। ਅਤੇ ਬਹੁਤੀ ਸੁਆਰਥ ਅਧੀਨ ਨੋਕਰਾਂ ਚਾਕਰਾਂ ਨੂੰ ਹੀ ਪਈ ਹੋਈ ਹੈ ਜਿਨ੍ਹਾਂ ਦਾ ਸਿਖੀ ਸਿਦਕ ਹਰਦਮ ਖਤਰੇ ਵਿਚ ਹੈ।

(ਬਾਕੀ ਅਗਲੇ ਮਹੀਨੇ)





ਸਾਨੂੰ ਦਰਸ਼ਨ ਦਿਓ !

ਹਰ ਤਰਾਂ ਦੇ ਸਿਮਰਨੇ ਅਤੇ ਮਾਲਾ, ਸਟੀਲ ਤੇ ਲੋਹੇ ਦੇ, ਚਕਰੀਆਂ ਵਡੀਆਂ ਛੋਟੀਆਂ, ਸਟੋਰਾਂ, ਜੋੜਿਆਂ ਅਤੇ ਸਾਈਕਲਾਂ ਆਦਿ ਲਈ ਅਲਮੋਨੀ-ਅਮ ਦੇ ਟਿਕਟ ਵਖ ਵਖ ਸਾਈਜ਼ਾਂ ਵਿਚ ਆਰਡਰ ਦੇ ਕੇ ਬਣਵਾਉ।

ਖਾਲਸਾ ਨਿਸ਼ਾਨ ਮੇਕਰਜ਼
(ਪ੍ਰੋਪਰਾਈਟਰ ਕਿਰਪਾਲ ਸਿੰਘ)
੯੦ ਲਾਲ ਕਵਾਟਰ, ਆਜ਼ਾਦ ਨਗਰ ਮਾਰਕੀਟ,
ਲੁਧਿਆਣਾ-੩

ਨੋਟ :-ਆਪ ਜੀ ਹੇਠ ਲਿਖੇ ਐਡਰਸਾਂ ਤੇ ਇਸ ਸਬੰਧੀ ਮਿਲ ਸਕਦੇ ਹੋ।

੧. ਅਖੰਡ ਕੀਰਤਨੀ ਜੱਥਾ, ਰਾਘੋ ਮਾਜਰਾ ਪਟਿਆਲਾ।
੨. ਖਾਲਸਾ ਬ੍ਰਦਰਜ਼, ਮਾਈ ਸੇਵਾਂ ਅੰਮ੍ਰਿਤਸਰ।
੩. ਖਾਲਸਾ ਨਿਸ਼ਾਨ ਸਟੋਰ, ਮਾਈ ਸੇਵਾਂ ਅੰਮ੍ਰਿਤਸਰ।




www.AKJ.Org

# 'ਮਨ ਨੀਵਾਂ ਮਤਿ ਉਚੀ'

(ਭਾਈ ਮਾਲਿਕ ਸਿੰਘ ਜੀ B Sc. ਕਾਨਪੁਰ)

ਸਿਖੀ ਅਰਦਾਸ ਦੀ ਇਹ ਮਹਾਨ ਪੰਥ ਪ੍ਰਦ੍ਰਸ਼ਕ ਪਕੰਤੀ 'ਸਿਖਾਂ ਦਾ ਮਨ ਨੀਵਾਂ, ਮਤਿ ਉਚੀ, ਮਤਿ ਕਾ ਰਾਖਾ ਆਪ ਅਕਾਲ ਪੁਰਖ ਹੋਏ' ਅਪਨੇ ਆਪ ਵਿਚ ਬਹੁਤ ਹੀ ਗੋਝ, ਗੰਭੀਰ ਅਥਵਾ ਗੂੜ ਭਾਵ ਛਿਪਾਈ ਬੈਠੀ ਹੈ। ਗੁਰੂ ਸਾਹਿਬਾਂ ਦੇ ਪਵਿਤ੍ਰ ਚਰਨਾਂ ਵਿਖੇ ਸਿਖ ਇਕ ਹੀ ਪੰਕਤੀ ਵਿਚ ਤਿਨ ਜੋਦੜੀਆਂ ਕਰ ਰਿਹਾ ਹੈ।

## (੧) ਮਨ ਨੀਵਾਂ

ਪਹਿਲੀ ਜੋਦੜੀ ਕੀਤੀ ਜਾ ਰਹੀ ਹੈ ਕਿ ਮਨ ਨੀਵਾਂ ਹੋਏ, ਮਨ ਵਿਚ ਗਰੀਬੀ ਹੋਇ, ਨਿਮ੍ਰਤਾ ਹੋਏ। ਨੀਵਾਂ ਦਾ ਭਾਵ ਇਹ ਨਹੀਂ ਕਿ ਹਰ ਕੋਈ ਦਬਾ ਲੈ ਸਾਰਿਆਂ ਤੋਂ ਡਰਦਾ ਰਹੇ। ਮਨ ਦੀ ਗਰੀਬੀ ਦਾ ਇਹ ਮਤਲਬ ਨਹੀਂ ਖਾਣ ਪੀਣ ਨੂੰ ਹੀ ਨ ਮਿਲੇ ਯਾ ਕੰਗਾਲ ਹੋ ਜਾਇ। ਜਣੇ ਖਣੇ ਅਗੇ ਤਲੀ ਪਿਆ ਅੜੇ। ਨਾ ਨਾ ਐਸੀ ਗਰੀਬੀ ਨਹੀਂ, ਐਸਾ ਨੀਵਾਂ ਮੰਨ ਨਹੀਂ ਸਗੋਂ ਇਥੇ ਮਨ ਦੀ ਗਰੀਬੀ ਮੰਗੀ ਗਈ ਹੈ। ਗਰੀਬੀ ਵੀ ਐਸੀ ਜਿਸ ਨਾਲ ਮਨ ਸ਼ਾਂਤਿ ਰਹੇ, ਭਜਨ ਵਿਚ ਲਗਾ ਰਹੇ। ਐਸੀ ਗਰੀਬੀ ਜੋ ਦੁਜਿਆਂ ਤੇ ਪਰਉਪਕਾਰ ਕਰ ਸਕੇ। ਐਸੀ ਗਰੀਬੀ ਦੀ ਮੰਗ ਕੀਤੀ ਗਈ ਹੈ ਜੋ ਦੁਜਿਆਂ ਦੇ ਦੁਖ ਦੂਰ ਕਰ ਸਕੇ ਤੇ ਅਪਣਾ ਹਲਤ ਪਲਤ ਮੁਖ ਉਜਲਾ ਕਰ ਸਕੇ। ਮਨ ਦੀ ਗਰੀਬੀ ਦੀ ਵਡਿਆਈ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਸੁਖਮਨੀ ਸਾਹਿਬ ਵਿਚ ਇਸ ਤਰਾਂ ਲਿਖੀ ਹੈ।

ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥
(ਅਸਟਪਦੀ—੧੨)

ਸਰਬ ਕੀ ਰੇਣ ਜਾ ਕਾ ਮਨੁ ਹੋਇ ॥
ਕਹੁ ਨਾਨਕ ਤਾਕੀ ਨਿਰਮਲ ਸੋਇ ॥
(ਅਸਟਪਦੀ--੧੨)

## (੨) ਮਤਿ ਉਚੀ

ਦੂਜੀ ਜੋਦੜੀ ਕੀਤੀ ਗਈ ਹੈ ਕਿ ਮਤਿ ਉਚੀ ਹੋਇ। ਨਿਰਮਲ ਮਤਿ ਬਖਸ਼ੀ ਜਾਇ। ਕਿਓਂਕਿ ਨਿਰਮਲ ਮਤਿ ਬਿਬੇਕ ਬੁਧੀ ਵਾਲੇ ਦੀ ਹੋ ਸਕਦੀ ਹੈ ਜਣੇ ਖਣੇ ਦੀ ਨਹੀਂ। ਇਸ ਲਈ ਦੂਜੇ ਲਫਜਾਂ ਵਿਚ ਬਿਬੇਕ ਬੁਧੀ ਦੀ ਯਾਚਨਾ ਕੀਤੀ ਗਈ ਹੈ।

**'ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ'**

ਤੋਂ ਇਹ ਸਪਸ਼ਟ ਹੈ ਕਿ ਬਿਬੇਕ ਬੁਧੀ ਤੋਂ ਬਿਨਾਂ ਸਹੀ ਬੰਦਗੀ ਕਰਨੀ ਆ ਹੀ ਨਹੀਂ ਸਕਦੀ। ਮੂਰਖ ਨੇ ਕੀ ਨਾਮ ਜਪਨਾ ਹੈ। ਤਾਂ ਤੇ ਇਥੇ ਅਕਲ ਦਾ ਭਾਵ



www.AKJ.Org

ਇਹ ਨਹੀਂ ਕਿ ਕਿਤਾਬੀ ਗਿਆਨ ਯਾ ਚੁੰਚ ਗਿਆਨੀ ਬਨਨਾ ਹੈ। ਨਹੀਂ ਇਸ ਦਾ ਭਾਵ ਸਹੀ ਪ੍ਰਮਾਰਥ ਗਿਆਨ, ਆਤਮਕ ਗਿਆਨ ਨਾਲ ਹੈ।

## ਮਤਿ ਪਤਿ ਕਾ ਰਾਖਾ ਆਪ ਅਕਾਲ ਪੁਰਖ ਵਾਹਿਗੁਰੂ ਹੋਏ।

ਇਹ ਹੈ ਤੀਸਰੀ ਬੇਨਤੀ ਜਿਸ ਦਾ ਭਾਵ ਹੈ ਕਿ ਮਨ ਨੀਵਾਂ ਹੋਣ ਦੇ ਨਾਲ ਨਾਲ ਬਿਬੇਕ ਬੁਧੀ ਹੋਇ ਪਰ ਇਹਦੀ ਰਖਿਆ ਗੁਰ ਕਰਤਾਰ ਆਪ ਕਰਨ। ਅਰਥਾਤ ਮਨ ਨੀਵਾਂ ਰਹੇ, ਬੁਧੀ ਦੇ ਅਧੀਨ ਰਹੇ ਤੇ ਬਿਬੇਕ ਬੁਧੀ ਗੁਰੂ ਦੇ ਅਧੀਨ ਰਹੇ ਬੁਧੀ ਦੀ ਆਜ਼ਾਦੀ ਨਹੀਂ ਮੰਗੀ ਸਗੋਂ ਗੁਰਮਤਿ ਅੰਦਰ ਰਹਨ ਦੀ ਯਾਚਨਾ ਕੀਤੀ ਗਈ ਹੈ।

ਇਹਨਾਂ ਤਿਨਾਂ ਜੋਦੜੀਆਂ ਦਾ ਆਪਸ ਵਿਚ ਕੀ ਸਨਬੰਧ ਹੈ, ਮਨ ਅਤੇ ਬੁਧੀ ਦਾ ਕੀ ਕੰਮ ਹੈ। ਮਨ ਨੀਵਾਂ ਮਤਿ ਉਚੀ ਕਿਸ ਤਰਾਂ ਬਨ ਸਕਦੀ ਹੈ, ਇਹ ਸਮਝਨ ਲਈ ਗੁਰਬਾਣੀ ਦੇ ਆਧਾਰ ਤੇ ਖੁਲੇ ਲਿਖਨ ਦਾ ਯਤਨ ਕੀਤਾ ਗਿਆ ਹੈ।

ਅੰਤਹ ਕਰਨ ਚਾਰ ਸੂਕਸ਼ਮ ਬਿਰਤੀਆਂ (੧. ਮਨ ੨. ਬੁਧੀ ੩. ਚਿਤ ੪. ਅਹੰ) ਦਾ ਸਮੂਹ ਮਨਿਆ ਗਿਆ ਹੈ ਜਿਹਨਾਂ ਚੋਂ ਮਨ ਅਤੇ ਬੁਧੀ ਬਾਰ ਕੁਛ ਵਿਚਾਰ ਇਸ ਤਰਾਂ ਦਾ ਹੈ।

(੧) ਮਨ ਦਾ ਕੰਮ ਫੁਰਨੇ ਉਠਾਨਾ ਹੈ ਸੰਕਲਪ ਵਿਕਲਪ ਹਛੇ ਬੁਰੇ ਵਿਚਾਰ ਦਾ ਉਠਾਂਦੇ ਰਹਿਣਾ ਮਨ ਦਾ ਕੰਮ ਹੈ।

(੨) ਬੁਧੀ:-ਬੁਧੀ ਦਾ ਕੰਮ ਮਨ ਦੁਆਰਾ ਉਠਾਯੇ ਗਏ ਫੁਰਨੇ ਤੇ ਫੈਸਲਾ ਕਰਨਾ ਹੈ। ਬੁਧੀ ਨਿਰਣਯ ਕਰਦੀ ਹੈ ਕਿ ਇਹ ਮਨ ਦਾ ਫੁਰਨਾ ਠੀਕ ਹੈ ਤੇ ਇਹ ਗਲਤ ਹੈ।

## ਮਨ ਨੀਵਾਂ ਮਤਿ ਉਚੀ ਦ ਅੰਤਰੀਵੀ ਭਾਵ

ਧਿਆਨ ਦੇਣ ਯੋਗ ਗਲ ਹੈ ਕਿ ਆਮ ਸੰਸਾਰੀ ਬੰਦਿਆਂ ਦਾ **ਮਨ ਉਚਾ ਹੁੰਦਾ ਹੈ ਤੇ ਬੁਧੀ ਨੀਵੀਂ ਹੋਂਦੀ ਹੈ** ਅਰਥਾਤ ਆਮ ਲੋਕਾ ਦੀ **ਬੁਧੀ ਮਨ ਦੇ ਅਧੀਨ ਹੋਂਦੀ ਹੈ** ਇਸ ਲਈ ਸਿਖ ਦਾ ਮਨ ਨੀਵਾਂ ਤੇ ਮਤਿ ਉਚੀ ਦੀ ਜੋਦੜੀ ਕਰਦਾ ਹੈ। ਆਮ ਬੰਦਿਆਂ ਦੀ ਬੁਧੀ ਨੀਵੀਂ ਤੇ ਮਨ ਉਚਾ ਕਿਸ ਤਰਾਂ ਰਹਿੰਦਾ ਹੈ ਇਸ ਬਾਰੇ ਖੁਲੇ ਦੋ ਪ੍ਰਮਾਨ ਦਿਤੇ ਜਾਂਦੇ ਹਨ।

## ਮਨ ਵਕੀਲ—ਬੁਧੀ ਜਜ :-

ਮਨ ਨੂੰ ਵਕੀਲ ਤੇ ਬੁਧੀ ਨੂੰ ਜਜ ਨਾਲ ਤੁਲਨਾ ਦੇਣ ਨਾਲ ਇਹ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਕਿ ਆਮ ਮਨੁਖਾਂ ਦੀ ਬੁਧੀ ਨੀਵੀਂ ਅਥਵਾ ਮਨ ਦੇ ਅਧੀਨ ਰਹਿੰਦੀ ਹੈ। ਜਿਸ ਤਰੀਕੇ ਨਾਲ ਵਕੀਲ ਉਲਟੇ ਸਿਧੇ ਸਵਾਲਾਂ ਦੁਆਰਾ, ਵਾਦ ਵਿਵਾਦ (ਬੈਹਸ) ਆਦਿ ਕਰ ਕੇ ਅਪਣੇ ਮੁਕਦਮੇ ਨੂੰ ਸਹੀ ਸਿਧ ਕਰਨ ਦਾ ਯਤਨ ਕਰਦਾ ਹੈ ਬਿਲਕੁਲ ਇਸੇ ਤਰੀਕੇ ਨਾਲ ਮਨ ਆਪਣਾ ਉਲੂ ਸਿਧਾ ਕਰਨ ਲਈ ਅਪਣਾ ਮਤਲਬ ਹਲ ਕਰਨ ਲਈ, ਬੁਧੀ ਰੂਪ ਜਜ ਅਗੇ ਕੋਈ ਸਵਾਲ ਜਵਾਬ ਕਰਦਾ ਹੈ। ਹੁਣ ਜੇ ਕਰ ਜਜ ਸਾਹਿਬ ਖ਼ੁਦ ਹੀ ਵਕੀਲ ਤੋਂ ਘਟ ਤਜਰਬਾ ਰਖਦੇ ਹਨ, ਯਾ ਘਟ ਨਿਰਣਯ ਸ਼ਕਤੀ ਰਖਦੇ ਹਨ ਯਾ ਕਿਸੇ ਕਾਰਨ ਕਰਕੇ ਵਕੀਲ ਤੋਂ ਜਜ ਸਾਹਿਬ ਦਬਦੇ ਹਨ ਯਾ ਰਿਸ਼ਵਤ ਵਿਚ ਫਸ ਜਾਂਦੇ ਹਨ ਅਥਵਾ ਕਿਸੇ ਤਕੜੀ ਸਫਾਰਿਸ਼ ਦੇ ਦਬਾਵ ਥਲੇ ਆ ਜਾਂਦੇ ਹਨ ਤਾਂ ਵਕੀਲ ਸਾਹਿਬ ਦਾ ਹਥ ਹੁਨ ਜਜ ਸਾਹਿਬ ਤੇ ਹੋ ਜਾਇਗਾ ਅਤੇ ਵਕੀਲ ਅਪਨੇ ਮੁਕਦਮੇ ਨੂੰ ਜਿਤ ਲੈਇਗਾ ਚਾਹੇ ਉਹ ਮੁਕਦਮਾ ਬਿਲਕੁਲ ਝੂਠਾ ਹੋ ਯਾ (੪੨੦) ਚਾਰ ਸੌ ਵੀਹ ਦਾ। ਬਿਲਕੁਲ ਇਸੇ ਤਰੀਕੇ ਨਾਲ ਆਮ ਸੰਸਾਰੀਆਂ ਦੀ ਬੁਧੀ ਕਮਜ਼ੋਰ ਜਜ ਅਥਵਾ ਰਿਸ਼ਵਤ ਖੋਰ ਜਜ ਦੀ ਤਰ੍ਹਾਂ



www.AKJ.Org

ਹੋਂਦੀ ਹੈ ਤੇ ਮਨ ਜਲਾਕ ਵਕੀਲ ਦੀ ਤਰਾਂ। ਮਨ ਰੂਪੀ ਵਕੀਲ ਬੁਧੀ ਰੂਪੀ ਜਜ ਉਤੇ ਅਪਨਾ ਦਬਾਵ ਪਾ ਲੈਂਦਾ ਹੈ। ਇਹ ਹੈ ਸਾਡੇ ਸੰਸਾਰੀਆਂ ਦਾ ਹਾਲ ਜਿਹਨਾਂ ਦਾ ਮਨ ਸੰਸਾਰਕ ਪਦਾਰਥਾਂ ਪਿਛੇ ਲਗ, ਐਸ਼ਵਰਜ਼-ਅਰਾਮ, ਸੰਸਾਰਕ ਸੁਖਾਂ, ਰਸਾਂ, ਕਸਾਂ ਦੇ ਚਸਕੇ, ਰੂਪ ਰੰਗ ਦੇ ਲਾਲਚ ਦੇ ਕੇ, ਰਿਸ਼ਵਤ ਦੇ ਕੇ ਬੁਧੀ ਨੂੰ ਅਪਨੇ ਵਸ ਕਰ ਲੈਂਦਾ ਹੈ।

## (੨) ਮਨਘੋੜਾ—ਬੁਧੀ ਘੋੜਅਸਵਾਰ

ਜਿਸ ਤਰੀਕੇ ਨਾਲ ਘੋੜਾ ਚਾਹੇ ਕਿਤਨਾ ਬਲਵਾਨ ਵੀ ਕਯੋਂ ਨ ਹੋਇ ਪਰ ਜੇਕਰ ਘੋੜ ਅਸਵਾਰ, ਤਕੜਾ ਸਿਆਨਾ ਚਤੁਰ ਤਜਰਬੇ ਕਾਰ ਹੈ ਤਾਂ ਉਹ ਘੋੜੇ ਨੂੰ ਵਸ ਕਰ ਲੈਂਦਾ ਹੈ। ਪਰ ਜੇ ਕਰ ਘੋੜਅਸਵਾਰ ਹੀ ਕਮਜ਼ੋਰ ਹੋਇ, ਬੁਜ਼ਦਿਲ ਹੋਇ, ਸਵਾਰੀ ਕਦੀ ਕੀਤੀ ਹੀ ਨ ਹੋਏ। ਘੋੜੇ ਦੀ ਵਾਗ (ਲਗਾਮ) ਕਦੇ ਪਕੜੀ ਹੀ ਨਹੀਂ ਤਾਂ ਉਹ ਚਾਹੇ ਕਿਤਨੇ ਹੀ ਉਲਟੇ ਸਿਧੇ ਚਾਬੁਕ ਪਿਆ ਮਾਰੇ ਪਰ ਘੋੜੇ ਤੋਂ ਅਪਨਾ ਮਤਲਬ ਨਹੀਂ ਹਲ ਕਰ ਸਕੇਗਾ। ਐਸਾ ਘੋੜ ਅਸਵਾਰ ਘੋੜੇ ਤੋਂ ਦੁਲੱਤੇ ਹੀ ਖਾਇਗਾ। ਬਿਲਕੁਲ ਇਸੇ ਤਰੀਕੇ ਨਾਲ ਅਗਰ ਘੋੜ ਅਸਵਾਰ ਦੀ ਨਿਆਂਈ ਜਿਸ ਦੀ ਬੁਧੀ ਕਮਜ਼ੋਰ ਹੈ, ਲਾਲਚੀ ਹੈ, ਤਾਂ ਮਨ ਰੂਪੀ ਘੋੜੇ ਨੂੰ ਹੋਰ ਕੀ ਚਾਹੀਦਾ ਹੈ ਪੰਜਾਬੀ ਅਖਾਨ ਹੈ ਕਿ ਅਨ੍ਹੇ ਨੂੰ ਕੀ ਚਾਹੀਦਾ ਹੈ – ਦੋ ਅੱਖਾਂ। ਤਾਂ ਤੇ ਮਨ ਦੀਆਂ ਵਾਗਾਂ ਖੁਲੀਆਂ ਹਨ, ਬੁਧੀ ਤੋਂ ਜੋ ਕਰਾਨਾ ਚਾਹੇ ਕਰਾਈ ਜਾਏ ਮਨ ਰੂਪੀ ਘੋੜੇ ਨੂੰ ਤਾਂ ਤ੍ਰਿਸ਼ਨਾ ਰੂਪੀ ਪਠੇ (ਚਾਰਾ) ਹੀ ਚਾਹੀਦਾ ਹੈ ਛਤੀਹ ਪ੍ਰਕਾਰ ਦੇ ਭੋਜਨ, ਕਨਾਂ ਦੇ ਰਸ ਲਈ ਫਿਲਮੀ ਟਯੂਨਾਂ, ਗੰਦੇ ਗੀਤ, ਨੇਤ੍ਰਾਂ ਦੀ ਤ੍ਰਿਪਤੀ ਲਈ ਰੂਪ ਰੰਗ ਸਿਨਮੇ, ਨਾਟਕ, ਚਾਟਕ ਆਦਿ, ਕਾਮ ਵਾਸ਼ਨਾਂ ਦੀ ਪੂਰਤੀ ਲਈ ਨਿਤ ਨਵੀਆਂ ਜੋਬਨ ਮੁਟਿਆਰਾਂ.......... ਆਦਿ ਹੀ ਚਾਹੀਦੀਆਂ ਹਨ।

ਆਉ ਦੇਖੋ ਜ਼ਰਾ ਕਬੀਰ ਸਾਹਿਬ ਜੀਵੀ ਇਸ ਸੰਸਾਰਕ ਬੁਧੀ ਅਤੇ ਗੁਰਦੁਆਰਾ ਪ੍ਰਾਪਤ ਹੋਈ ਬਿਬੇਕ ਬੁਧੀ ਦੀ ਵਿਚਾਰ ਧਾਰਾ। ਕਿਸ ਤਰੀਕੇ ਨਾਲ ਭਗਤਾਂ, ਸੰਤਾਂ, ਗੁਰਮੁਖਿ ਜਗਿਆਸੂਆਂ ਦੀ ਬੁਧੀ ਬਿਬੇਕ ਹੋਂਦੀ ਹੈ ਤੇ ਉਹ ਫੇਰ ਸੰਸਾਰੀਆਂ ਤੋਂ ਵਖਰੇ ਹੋ ਜਾਂਦੇ ਹਨ। ਥਲੇ ਲਿਖੇ ਗਏ ਸ਼ਬਦ ਵਿਚ ਕਬੀਰ ਸਾਹਿਬ ਜੀ ਬਿਬੇਕ ਬੁਧੀ ਦੀ ਵਡਿਆਈ ਕਰ ਰਹੇ ਹਨ ਤੇ ਇਸ ਬਿਬੇਕ ਬੁਧੀ ਨੂੰ ਜੁਗ ਜੁਗ ਜੀਨ ਦਾ ਆਸ਼ੀਰਵਾਦ ਦੇ ਰਹੇ ਹਨ।

ਪਹਿਲੀ ਕਰੂਪਿ ਕੁਜਾਤਿ ਕੁਲਖਨੀ ਸਾਹੁਰੈ ਪੇਈਐ ਬੁਰੀ ॥
ਅਬ ਕੀ ਸਰੂਪਿ ਸੁਜਾਨਿ ਸੁਲਖਨੀ ਸਹਜੇ ਉਦਰਿ ਧਰੀ ॥
ਭਲੀ ਸਰੀ ਮੁਈ ਮੇਰੀ ਪਹਿਲੀ ਬਰੀ ॥
ਜੁਗ ਜੁਗ ਜੀਵਉ ਮੇਰੀ ਅਬ ਕੀ ਧਰੀ ॥੧॥ ਰਹਾਉ ॥
ਕਹੁ ਕਬੀਰ ਜਬ ਲਹੁਰੀ ਆਈ ਬਡੀ ਕਾ ਸੁਹਾਗੁ ਟਰਿਓ ॥
ਲਹੁਰੀ ਸੰਗਿ ਭਈ ਅਬ ਮੇਰੈ ਜੇਠੀ ਅਉਰੁ ਧਰਿਓ ॥ (੨-੨-੩੨)

ਇਸ ਉਪਰੋਕਤ ਸ਼ਬਦ ਵਿਚ ਕਬੀਰ ਸਾਹਿਬ ਜੀ ਪਹਿਲੀ ਬੁਧੀ ਤੇ ਬਿਬੇਕ ਬੁਧੀ ਨੂੰ ਵਡੀ ਤੇ ਛੋਟੀ ਇਸਤ੍ਰੀ ਦੀ ਤੁਲਨਾ ਦੇ ਕੇ ਸਮਝਾ ਰਹੇ ਹਨ ਕਿ ਹੁਨ ਮੇਰੀ ਪਹਿਲੀ ਬੁਧੀ ਜੋ ਗਲਤ ਨਿਰਣਯ ਕਰਦੀ ਸੀ ਹਰ ਵਕਤ ਮਨ ਤੋਂ ਡਰਦੀ ਰਹਿੰਦੀ ਸੀ ਉਹ ਹੁਨ ਲਹੁਰੀ (ਬਿਬੇਕ ਬੁਧੀ) ਦੇ ਆਨ ਨਾਲ ਵਿਦਵਾ ਹੋ ਗਈ ਹੈ, ਖਤਮ ਹੋ ਗਈ ਹੈ।

ਤਾਂ ਤੇ ਉਪਰ ਦਿਤੇ ਗਏ ਦੋਨੋਂ ਪ੍ਰਮਾਣਾਂ ਤੋਂ ਮਨ ਅਤੇ ਬੁਧੀ ਦੇ ਅੰਤਰੀਵਾ ਭਾਵ ਸਪਸ਼ਟ ਹੋ ਜਾਂਦੇ ਹਨ ਹੁਨ ਸਵਾਲ ਉਠਦਾ ਹੈ ਕਿ ਮਨ ਨੀਵਾਂ ਕਿਸ ਤਰੀਕੇ ਨਾਲ ਰਹੇ ਬਿਬੇਕ ਬੁਧੀ ਕਿਸ ਤਰਾਂ ਬਨੇ, ਮਨ ਬੁਧੀ ਦੇ ਅਧੀਨ ਕਿਸ ਤਰਾਂ ਰਹੇ। ਇਸ ਦਹਿਦਿਸ ਧਾਂਵਦੇ ਮਨ ਨੂੰ ਵਸ ਵਿਚ ਲਿਆਉਂਨਾ ਕੋਈ ਖਾਲਾ ਜੀ ਦਾ ਘਰ ਤਾਂ ਹੈ ਨਹੀਂ ਤੇ ਕੇਵਲ ਮਨ ਨੀਵਾਂ ਮਤਿ ਉਚਿ ਜੋਦੜੀ ਕਰਨ ਨਾਲ ਤਾਂ ਹੋ ਹੀ ਨਹੀਂ ਜਾਨੀ। ਇਸ ਚਹੁਕੰਟ



www.AKJ.Org

ਧਾਂਵਦੇ ਮਨ ਨੂੰ ਵਸ ਕਰਨ ਖਾਤਰ ਜੋਗੀਆਂ ਨੇ ਅਨੇਕਾਂ ਜੋਗ ਜੁਗਤੀਆਂ ਕੀਤੀਆਂ, ਆਸਣ ਲਾਏ, ਧੂਨੀਆਂ ਤਪਾਈਆਂ, ਕੰਨ ਪੜਵਾਏ, ਜਟਾ ਵਧਾਈਆਂ ਮੂੰਡ ਮੂੰਡਾਇ, ਬਨ ਵਾਸ ਧਾਰਿਆ, ਸੁਮੇਰ ਪ੍ਰਬਤ ਜਾ ਕੇ ਏਕਾਂਤ ਵਾਸ ਕੀਤਾ, ਜੈਨ ਮਾਰਗ ਸੰਜਮ ਅਤਿ ਸਾਧਨ ਭੀ ਕੀਤੇ ਮੋਨ ਧਾਰਨ ਕੀਤੇ, ਤੀਰਥ ਰਟਨ ਕੀਤੇ, ਨਿਉਲੀ ਕਰਮ ਸਾਧੇ, ਖਟਕਰਮ ਤੇ ਹੋਰ ਨਾ ਜਾਨੇ ਕਿਤਨੇ ਸਾਧਨ ਕੀਤੇ ਪਰ ਇਸ ਖੁਟਹਰ ਮਨੁ ਚੰਚਲ ਮਨੁ ਨੂੰ ਕਾਬੂ ਵਿਚ ਨ ਲਿਆ ਸਕੇ ਇਹ ਗਲ ਗੁਰੂ ਸਾਹਿਬਾਂ ਦੇ ਦਿਤੇ ਪ੍ਰਮਾਣਾਂ ਤੋਂ ਭਲੀ ਭਾਂਤਿ ਸਪਸ਼ਟ ਹੈ।

ਮਨਮੁਖ ਮਨੁ ਅਜਿਤੁ ਹੈ, ਦੂਜੈ ਲਗੈ ਜਾਇ ॥
ਤਿਸ ਨੋ ਸੁਖੁ ਸੁਪਨੈ ਨਹੀ, ਦੁਖੇ ਦੁਖਿ ਵਿਹਾਇ ॥
ਘਰਿ ਘਰਿ ਪੜਿ ਪੜਿ ਪੰਡਿਤ ਥਕੇ, ਸਿਧ ਸਮਾਧਿ ਲਗਾਇ ॥
ਇਹੁ ਮਨੁ ਵਸਿ ਨ ਆਵਈ; ਥਕੇ ਕਰਮ ਕਮਾਇ ॥
ਭੇਖਧਾਰੀ ਭੇਖ ਕਰਿ ਥਕੇ, ਅਠਸਠਿ ਤੀਰਥ ਨਾਇ ॥
ਮਨ ਕੀ ਸਾਰ ਨ ਜਾਣਨੀ, ਹਉਮੈ ਭਰਮਿ ਭੁਲਾਇ ॥

ਗੁਰੂ ਸਾਹਿਬਾਂ ਨੇ ਉਪਰੋਕਤ ਸਭ ਕਰਮ ਕਾਂਡਾਂ ਦੀ ਨਿਖੇਧੀ ਕੀਤੀ ਤੇ ਸਾਡੇ ਸਾਮਣੇ ਇਕ ਹੀ ਤਤ ਵਸਤੂ, ਸਾਰ ਸਿਟਾ ਕਢ ਕੇ ਰਖ ਦਿਤਾ ਕਿ ਪੂਰਨ ਸਤਿਗੁਰੂ ਦੀ ਕ੍ਰਿਪਾ ਤੋਂ ਬਿਨਾਂ ਮਨ ਕਾਬੂ ਵਿਚ ਲਿਆਇਆ ਹੀ ਨਹੀਂ ਜਾ ਸਕਦਾ ਅਤੇ ਨਾ ਹੀ ਬਿਬੇਕ ਬੁਧੀ ਬਨ ਸਕਦੀ ਹੈ। ਇਸ ਦੀ ਪੁਸ਼ਟੀ ਲਈ ਕੁਝ ਪ੍ਰਮਾਣ ਥਲੇ ਦਿਤੇ ਜਾਂਦੇ ਹਨ :-

## ੧. ਬਿਨੁ ਗੁਰ ਸਬਦੈ ਮਨੁ ਨਹੀ ਠਉਰਾ ॥

ਸਿਮਰਹੁ ਰਾਮ ਨਾਮੁ ਅਤਿ ਨਿਰਮਲੁ, ਅਵਰ ਤਿਆਗਹੁ ਹਉਮੈ ਕਉਰਾ ॥ {ਆਸਾ ਮਃ੧ ਪਨਾਂ ੪੧੫}

੨. ਇਸ ਮਨ ਕਉ ਹੋਰੁ ਸੰਜਮੁ ਕੋ ਨਾਹੀ,
ਵਿਣੁ ਸਤਿਗੁਰ ਕੀ ਸਰਣਾਇ ॥

## ਸਤਿਗੁਰਿ ਮਿਲਿਐ ਉਲਟੀ ਭਈ,

ਕਹਣਾ ਕਿਛੂ ਨ ਜਾਇ ॥੩੫॥{ਵਡਹੰਸ ਮਃ੩}

੩. ਧਾਵਤ ਧਾਵਤ ਸਭੁ ਜਗੁ ਧਾਇਓ,
ਅਬ ਆਏ ਹਰਿ ਦੁਆਰੀ ॥

## ਦੁਰਮਤਿ ਮੇਟ ਬੁਧਿ ਪਰਗਾਸੀ

ਜਨ ਨਾਨਕ ਗੁਰਮੁਖਿ ਤਾਰੀ ॥ [ਮਃ ੫.]

੪. ਬਿਖੁ ਸੇ ਅੰਮ੍ਰਿਤ ਭਏ **ਗੁਰਮਤਿ ਬੁਧਿ ਪਾਈ ॥**
ਅਕਹੁ ਪਰਮਲ ਭਏ, ਅੰਤਰਿ ਵਾਸਨਾ ਵਧਾਈ ॥੫॥
(ਵਡਹੰਸ ਮਃ ੩)

ਤਾਂ ਤੇ ਸਪਸ਼ਟ, ਹੋ ਗਿਆ ਕਿ ਮਨ ਕਾਬੂ ਕਰਨ ਲਈ ਬੁਧੀ ਦੇ ਅਧੀਨ ਰਖਨ ਲਈ, ਅਤੇ ਬਿਬੇਕ ਬੁਧੀ ਦੀ ਪ੍ਰਾਪਤੀ ਲਈ ਇਕੋ ਇਕ ਤੇ ਕੇਵਲ ਇਕ ਹੀ ਸਾਧਨ ਹੈ ਤੇ ਓਹੁ ਹੈ ਗੁਰਦੇਵ ਦੀ ਕ੍ਰਿਪਾ ਦਾ ਪ੍ਰਾਪਤ ਹੋਨਾ, ਪ੍ਰਸੰਸਾ ਅਤੇ ਗੁਰੂ ਦੀ ਖੁਸ਼ੀ ਦਾ ਪਾਤ੍ਰ ਬਨਣਾ। ਇਹਗਲ ਪੂਰਨ ਗੁਰੂ ਦੀ ਕ੍ਰਿਪਾ ਤੋਂ ਬਿਨਾਂ ਹੋ ਹੀ ਨਹੀਂ ਸਕਦੀ ਅਤੇ ਗੁਰੂ ਦੀ ਕ੍ਰਿਪਾ ਕਿਧਰੇ ਐਂਵੇਂ ਤੇ ਨਹੀਂ ਹੋ ਜਾਨੀ। ਨਿਰਾ ਮਨ ਨੀਵਾਂ ਮਤਿ ਉਚੀ ਦੀ ਜੋਦੜੀ ਕੀਤਿਆਂ ਤਾਂ ਕੁਝ ਨਹੀਂ ਬਨਣਾ। ਗੁਰੂ ਦੀ ਕ੍ਰਿਪਾ ਪ੍ਰਾਪਤ ਕਰਨ ਦਾ ਇਕੋ ਇਕ ਸਾਧਨ ਹੈ-ਗੁਰੂ-ਹੁਕਮ ਦੀ ਮਨ ਬਚਕਰਮ ਕਰਕੇ ਪਾਲਨਾ ਕਰਨੀ। ਕੇਵਲ ਅਰਦਾਸ ਕਰਨਾ ਤੇ ਹੁਕਮ ਦੀ ਪਾਲਨਾ ਨ ਕਰਨਾ ਤਾਂ ਇਕ ਪਖੰਡ ਹੀ ਹੈ। ਇਹ ਤਾਂ ਇੰਝ ਹੀ ਹੋਇਆ ਖੰਡ ਖੰਡ ਕਹਿੰਦੇ ਰਹੀਐ ਤੇ ਮੂੰਹ ਦੇ ਨੇੜੇ ਨ ਲੈ ਜਾਈਐ ਤੇ ਕਹੀਏ ਖਾਣੀ ਨਹੀਂ ਪਰ ਸਵਾਦ ਮਾਨ ਲਈਏ ਤਾਂ ਇਹ ਮੁਸ਼ਕਲ ਹੈ। ਐਸੇ ਪਾਖੰਡ ਬਾਰੇ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਕਿਤਨਾ ਹਛਾ ਲਿਖਿਆ ਹੈ।

(੧) ਖਾਂਡ ਖਾਂਡ ਕਹੈ ਜਿਹਬਾ ਨ ਸਵਾਦ ਮੀਠੋ ਆਵੈ,



www.AKJ.Org

ਅਗਨਿ ਅਗਨਿ ਕਹੈ ਸੀਤ ਨ ਬਿਨਾਸ ਹੈ ।
ਬੈਦ ਬੈਦ ਕਹੈ ਰੋਗ ਮਿਟਤ ਨਾ ਕਾਹੂ ਕੋ ਦ੍ਰਬਦ੍ਰਬ ਕਹੈ ਕੋਊ ਦ੍ਰਬਹਿ ਨ ਬਿਲਾ ਹੈ ।
ਚੰਦਨ ਚੰਦਨ ਕਹੈ ਪ੍ਰਗਟੈ ਨ ਸੁਬਸਿ ਬਾਸੁ, ਚੰਦ ਚੰਦ ਕਹੈ ਉਜਿਆਰੋ ਨ ਪ੍ਰਕਾਸ਼ ਹੈ ।

**ਤੈਸੇ ਗਯਾਨ ਗੋਸਟਿ ਕਰਤ ਨ ਰਹਤ ਪਾਵੈ, ਕਰਨੀ ਪ੍ਰਧਾਨ, ਭਾਨ ਉਦਤਿ ਅਕਾਸ ਹੈ ।**

[ਕਬਿੱਤ ਭਾਈ ਗੁਰਦਾਸ ਜੀ]

ਪੂਛਤ ਪਥਿਕ, ਤਿਹ ਮਾਰਗਿ ਨ ਧਾਰੈ ਪਗਿ, ਪ੍ਰੀਤਮ ਕੈ ਦੇਸ ਕੈਸੇ ਬਾਤਨ ਸੇ ਜਾਈਐ ।
ਪੂਛਤ ਹੈ ਬੈਦ, ਖਾਤ ਔਖਧਿ ਨ ਸੰਜਮ ਸੈ, ਮਿਟੈ ਕੈਸੇ ਰੋਗ, ਸੁਖ ਸਹਜਿ ਸਮਾਈਐ ।
ਪੂਛਤਿ ਸੁਹਾਗਨਿ ਹੈ ਕਰਮਿ ਦੁਹਾਗਨਿ ਕੈ ਰਿਦੈ ਬਿਭਚਾਰ ਕਤ ਸਿਹਜਾ ਬੁਲਾਈਐ ।

**ਗਾਏ ਸੁਨੈ ਆਂਖੇ ਮੀਚੈ, ਪਾਈਐ ਨ ਪਰਮ ਪਦੁ, ਗੁਰੁ ਉਪਦੇਸ ਗਹਿ ਜੋ ਲੌ ਨ ਕਮਾਈਐ ।**

ਤਾਂ ਤੇ ਗੁਰੂ ਸਾਹਿਬਾਂ ਦੀ ਪ੍ਰਸੰਤਾ ਗੁਰੂ ਸਾਹਿਬਾਂ ਦੇ ਹੁਕਮੁ ਉਪਦੇਸ਼ ਨੂੰ ਕਮਾਨ ਤੇ ਹੀ ਹੋ ਸਕਦੀ ਹੈ ਈਵੇਂ ਨਹੀਂ-ਕਦਾਪਿ ਨਹੀ ॥ ਇਹ ਤਾਂ ਪ੍ਰਤਖ ਦੇਖਨ ਵਿਚ ਵੀ ਆਉਂਦਾ ਹੈ ਕਿ ਮਾਮੂਲੀ ਜੇਹੀ ਨੌਕਰੀ ਕਰਨ ਲਈ ਦਰ ਦਰ ਤੇ ਕਿਸ ਤਰ੍ਹਾਂ ਠੋਕਰਾਂ ਖਾਨੀਆਂ ਪੈਂਦੀਆਂ ਹਨ । ਨੌਕਰ ਨੂੰ ਅਪਨੇ ਪੇਟ ਦੀ ਖਾਤਰ ਮਾਲਕ ਨੂੰ ਕਿਸ ਤਰਾਂ ਖੁਸ਼ ਰਖਨਾ ਪੈਂਦਾ ਹੈ । ਮਤੈਹੱਤ ਨੂੰ ਅਫਸਰ ਦੀ ਪ੍ਰਸੰਤਾ ਲੈਨ ਖਾਤਰ ਕੀ ਕੁਝ ਨਹੀਂ ਕਰਨਾਂ ਪੈਂਦਾ ਪਰ ਅਫਸੋਸ ਕਿ ਗੁਰੂ ਦੀ ਕ੍ਰਿਪਾ ਨੂੰ ਬਿਨਾਂ ਮੇਹਨਤ ਕੀਤੇ ਬਿਨਾਂ ਕਮਾਈ ਕੀਤੇ ਬਿਨਾ ਘਾਲ ਕੀਤੇ ਪ੍ਰਾਪਤ ਕਰਨਾ ਚਾਹੁੰਦੇ ਹਾਂ । ਐਸਾ ਕਦੇ ਭੀ ਨਹੀਂ ਹੋ ਸਕਦਾ ਹੈ । ਫਰੀਦ ਜੀ ਨੇ ਕਿਤਨਾ ਸਪਸ਼ਟਤਾ ਨਾਲ ਇਸ ਭੇਦ ਨੂੰ ਸਾਡੇ ਸਾਮਣੇ ਰਖਿਆ ਹੈ :—

ਫਰੀਦਾ ਲੋੜੈ ਦਾਖ ਬਿਜਉਰੀਆਂ, ਕਿਕਰਿ ਬੀਜੈ ਜਟੁ ।
ਹੰਢੈ ਉਨ ਕਤਾਇਦਾ, ਪੈਧਾ ਲੋੜੈ ਪਟੁ ॥੨੩॥

ਗੁਰੂ ਕੀ ਕ੍ਰਿਪਾ ਪ੍ਰਾਪਤ ਕਰਨ ਲਈ ਕੁਝ ਅਸੀ ਹੁਕਮ ਦੀ ਪਾਲਨਾ ਕਰੀਏ । ਇਸ ਰਸਤੇ ਤੇ ਟੁਰ ਪਈਏ ਅਤੇ ਫੇਰ ਨਾਲ ਨਾਲ ਜੋਦੜੀ ਕਰੀਏ ਤਦ ਗੁਰੂ ਮਿਹਰ ਕਰੇਗਾ, ਸਾਡੇ ਤੇ ਪ੍ਰਸਨ ਹਏ ਗਾ । ਨਿਰਾ ਅਰਦਾਸ "ਮਨ ਨੀਵਾਂ ਮਤਿ ਉਚੀ' ਨਾਲ ਤਾਂ ਕੁਝ ਨਹੀਂ ਬਨਨਾ ਚਾਹੇ ਐਸੀ ਕਿਤਨੀਆਂ ਲੰਬੀਆਂ, ਚੋਪੜੀਆਂ ਚੋਪੜੀਆਂ, ਫੇਰ ਬੀ ਢੰਗ ਦੀਆਂ ਅਰਦਾਸਾਂ ਕਰਦੇ ਰਹੀਏ ।

ਧਿਆਨ ਦੇਨ ਯੋਗ ਗਲ ਹੈ ਕਿ ਅਰਦਾਸ ਇਕ (Catalyst) ਉਤਪ੍ਰੇਰਕ-ਸਹਾਇਕ ਦਾ ਕੰਮ ਕਰਦੀ ਹੈ । ਉਦਾਰਨ ਦੇ ਤੌਰ ਤੇ ਬਨਸਪਤੀ ਤੇ ਡਾਲਡਾ ਬਨਾਨ ਨਿਕਲ ਧਾਤੂ ਦੀ ਮਜੂਦਗੀ ਵਿਚ ਹਾਈਡ੍ਰਜਨ ਗੈਸ ਪ੍ਰਵੇਸ਼ ਕਰਨੀ ਪੈਂਦੀ ਹੈ ਤੇ ਨਿਕਲ ਧਾਤੂ (Catalyst) ਸਹਾਇਕ ਦਾ ਕੰਮ ਕਰਕੇ ਤੇਲ ਨੂੰ ਜਮਾਉਨ ਦਾ ਕੰਮ ਕਰਦਾ ਹੈ ਤੇ ਡਾਲਡਾ ਬਨ ਜਾਂਦਾ ਹੈ । ਬਿਲਕੁਲ ਇਸੇ ਤਰੀਕੇ ਨਾਲ ਸੰਜਮ ਤੇ ਚਲਦੇ ਹੋਏ, ਗੁਰੂ ਹੁਕਮ ਦੀ ਪਾਲਨਾ ਕਰਦੇ ਹੋਇ ਕੀਤੀ ਗਈ ਅਰਦਾਸ ਨਿਕਲ ਧਾਤੂ ਦੀ ਤਰਾਂ Catalyst) ਸਹਾਇਕ ਦਾ ਕੰਮ ਕਰਕੇ ਮੁਸ਼ਕਲ ਕੰਮ ਨੂੰ ਅਸਾਨ ਕਰ ਦੇਂਦੀ ਹੈ । ਅਨਹੋਨੀ ਗਲ ਨੂੰ ਪ੍ਰਤਖ ਕਰ ਦੇਂਦੀ ਹੈ । ਕੀਤੀ ਅਰਦਾਸ ਬਿਰਥੀ ਨਹੀ ਜਾਂਦੀ ਪਰ ਸ਼ਰਤ ਹੈ ਕਿ—ਕਰੇ ਕੋਈ ਸੰਜਮੀ ਜੀਵਨ ਵਾਲਾ ਇਨਸਾਨ, ਹੁਕਮ ਤੇ ਚਲਨ ਵਾਲਾ ਜਗਿਆਸੂ ਕਮਾਈ ਕਰਨ ਵਾਲਾ ਬੰਦਾ ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਬਲੇ ਦਿਤੇ ਗਏ ਕਬਿੱਤ ਤੋਂ ਉਪਰ ਦਿਤੇ ਗਏ ਸਿਧਾਂਤ ਦੀ ਪੁਸ਼ਟੀ ਭਲੀ ਭਾਂਤਿ ਹੋ ਜਾਇਗੀ ਕਿ



www.AKJ.Org

ਇਸ ਤਰੀਕੇ ਨਾਲ ਅਗਰ ਸਿਖ ਥੋੜਾ ਜੇਹਾ ਉਦਮ ਕਰੇ, ਕੁਝ ਹੁਕਮ ਦੀ ਪਾਲਨਾ ਕਰੇ ਤਾਂ ਫੇਰ ਗੁਰੂ ਸਾਹਿਬ ਪਰਸੰਨ ਹੋਕੇ ਕੀ ਕੁਝ ਸਿਖ ਲਈ ਨਹੀਂ ਕਰਦੇ। ਪਰਮਾਣ ॥

ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ,
ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ।
ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ,
ਸਿਮਰਨ ਤਾਂਹਿ ਬਾਰੰਬਾਰ ਗੁਰ ਹੇਤ ਹੈ।
ਭਾਵਨੀ ਭਗਤਿ ਭਾਇ ਕੌਡੀ ਅਗਰਭਾਗ ਰਾਖੈ,
ਤਾਹਿਗੁਰ ਸਰਬ ਨਿਧਾਨ ਦਾਨ ਦੇਤ ਹੈ।
ਸਤਿਗੁਰ ਦਯਾ ਨਿਧਿ ਮਹਿਮਾ ਅਗਾਧਿ ਬੋਧਿ,
ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ।

ਤਾਂ ਤੇ ਸਪਸ਼ਟ ਹੋ ਗਿਆ ਕਿ ਕੁਝ ਅਸੀਂ ਸਤਿਗੁਰੂ ਦੇ ਕਹੇ ਤੇ ਚਲੀਏ ਤੇ ਨਾਲ ਨਾਲ ਅਰਦਾਸ ਕਰੀਏ, ਤਾਂ ਸਤਿਗੁਰ ਆਪ ਤੁਠ ਪੈਨ ਗੇ ਤੇ ਇਸ ਤਰੀਕੇ ਨਾਲ ਮਨ ਨੀਵਾਂ ਮਤਿ ਉਚੀ ਹੋ ਸਕੇਗੀ।

## ਅਸਾਂ ਕੀ ਕਰਨਾ ਹੈ

ਗੁਰੂ ਦੀ ਪਰਸੰਤਾ ਲੈਣ ਲਈ ਅਸੀਂ ਦੋ ਕੰਮ ਕਰਨੇ ਹਨ ਤਦ ਸਾਡੀ ਕੀਤੀ ਗਈ ਅਰਦਾਸ "ਮਨ ਨੀਵਾਂ ਮਤਿ ਉਚੀ" ਹੋ ਸਕੇਗੀ।

## ੧. ਗੁਰ ਮੰਤਰ ਦੀ ਕਮਾਈ

ਪਹਿਲਾ ਕੰਮ ਅਸਾਂ ਨੇ ਸਚੇ ਸਤਿਗੁਰੂ ਕਲਗੀਸ ਖੜਗੇਸ਼ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਖੰਡੇ ਦਾ ਅੰਮ੍ਰਿਤ ਪਾਨ (ਖੰਡੇ ਦੀ ਪਹੁਲ) ਕਰਨ ਸਮਯ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿਖੇ, ਪੰਜ ਪਿਆਰਿਆਂ ਦੁਆਰਾ ਦ੍ਰਿੜਾਏ ਗਏ ਗੁਰਮੰਤਰ (ਵਾਹਿਗੁਰੂ) ਦਾ ਅਭਿਆਸ ਕਰਨਾ ਹੈ। ਇਸ ਅਭਿਆਸ ਗੁਰਮੰਤਰ ਨੂੰ ਮਨ ਰੂਪੀ ਹਾਥੀ ਤੇ ਅਕੁੰਸ਼ ਬਨਾਈ ਰਖਣਾ ਹੈ। ਊਠਤ ਬੈਠਤ ਸੋਵਤ ਜਾਗਤ ਮਾਰਗ ਚਲਤ, ਹਰੇ ਹਰ ਗਉਣਾ ਹੈ, ਗੁਰਮੰਤਰ ਦੀ ਕਮਾਈ ਕਰਨੀ ਹੈ। ਇਸ ਮੰਨ ਨੂੰ ਗੁਰ ਸ਼ਬਦ ਦਾ ਪਰਚਾ ਪਾਈ ਰਖਣਾ ਹੈ। "ਖਰ ਦਾ ਪੈਖਰੁ ਤਉ ਛੁਟੈ, ਜਉ ਊਪਰਿ ਲਾਦਾ" ਦੀ ਪਕੰਤੀ ਅਨੁਸਾਰ ਮੰਨ ਨੂੰ ਖੁਲਾ ਨਹੀਂ ਛਡਣਾ। ਜਿਸ ਤਰੀਕੇ ਨਾਲ ਖੋਤੇ ਦੇ (ਪੈਰਾਂ ਦਾ ਵੰਗਾ) ਪੈਖਰ ਨੂੰ ਤਦ ਖੋਲਦੇ ਹਨ ਜਦ ਉਸ ਦੇ ਉਤੇ ਕੋਈ ਸਾਮਾਨ ਭਾਰ ਲਦ ਲੈਂਦੇ ਹਨ। ਜਦ ਕੰਮ ਨਹੀਂ ਲੈਣਾ ਹੁੰਦਾ, ਖੁਲਾ ਛਡਣ ਤੋਂ ਪਹਿਲਾਂ ਉਸ ਦੇ ਪੈਰਾਂ 'ਚ (ਰਸਾ) ਪੈਖਰ ਪਾ ਦਿਤਾ ਜਾਂਦਾ ਹੈ ਨਹੀਂ ਤਾਂ ਰਾਹ ਜਾਂਦੇ ਨੂੰ ਹੀ ਦੁਲਤੇ ਮਾਰ ਦੇਵੇਗਾ ਇਸੇ ਤਰੀਕੇ ਨਾਲ ਮਨ ਰੂਪੀ ਖੋਤੇ ਨੂੰ ਗੁਰ ਮੰਤ੍ਰ ਦਾ ਪੈਖਰ ਪਾਈ ਰਖਣਾ ਚਾਹੀਦਾ ਹੈ।

## ੨. ਅਮਲੀ ਜੀਵਨ—

ਗੁਰਮੰਤ੍ਰ ਦੀ ਕਮਾਈ ਦੇ ਨਾਲ ਨਾਲ ਦੂਜਾ ਕੰਮ ਅਸਾਂ ਨੇ ਇਹ ਕਰਨਾ ਹੈ ਕਿ ਸਾਡਾ ਜੀਵਨ ਅਮਲੀ ਜੀਵਨ ਹੋਵੇ ਐਸਾ ਨਾ ਹੋਏ ਕਿ ਮੁਖ ਮੇ ਰਾਮ, ਬਗਲ ਮੇ ਛੁਰੀ। ਅਮਲੀ ਜੀਵਨ ਬਨਾਣ ਲਈ ਅਸੀਂ ਤਿਨ ਉਪਰਾਲੇ ਕਰ ਸਕਦੇ ਹਾਂ। ਜਿਹਨਾਂ ਦਾ ਇਸ਼ਾਰੇ ਮਾਤ੍ਰ ਵਰਣਨ ਥਲੇ ਦਿਤਾ ਜਾਂਦਾ ਹੈ।

(੧) ਸਾਤਵਿਕ ਅਹਾਰ: ਅਗਰ ਗੈਹਰਾਈ ਵਿਚ ਜਾਇਆ ਜਾਏ ਕਿ ਮੰਨ ਨੂੰ ਗ਼ਲਤ ਫੁਰਨੇ ਕਿਥੋਂ ਮਿਲਦੇ ਹਨ, ਹੋਛੀਆਂ, ਫੋਕੀਆਂ ਵਿਚਾਰਾਂ ਕਿਥੋਂ ਪੈਦਾ ਹੁੰਦੀਆਂ ਹਨ ਤਾਂ ਇਸ ਦੀ ਜੜ ਭੋਜਨ ਹੈ। ਅਸੀਂ ਜੋ ਕੁਛ ਵੀ ਖਾਂਦੇ ਪੀਂਦੇ ਹਾਂ ਉਸ ਦੇ ਮੁਖ ਤਿਨ ਪਦਾਰਥ ਬਣਦੇ ਹਨ–ਉਸਦਾ ਖ਼ੂਨ ਅਤੇ ਮੰਨ ਦੇ ਵਿਚਾਰ, ਆਮ ਕਹਾਵਤ ਵੀ ਹੈ–ਕਿ ਜੈਸਾ ਅੰਨ ਵੈਸਾ ਮਨ, ਜਥਾ ਅਹਾਰ ਤਥਾ ਸੰਸਕਾਰ, ਗੁਰੂ ਸਾਹਿਬਾਂ ਨੇ ਸਾਤਵਿਕ ਅਹਾਰ, ਸਾਦੇ ਭੋਜਨ ਤੇ ਬਹੁਤ ਜ਼ੋਰ ਦਿਤਾ ਹੈ। ਸਾਤਵਿਕ ਅਹਾਰ ਮੰਨ ਨੂੰ ਸ਼ਾਂਤ ਰਖਦਾ ਹੈ, ਭਜਨ ਵਲ, ਪ੍ਰਮਾਰਥ ਵਲ ਜ਼ਿਆਦਾ ਜੋੜਦਾ ਹੈ ਅਤੇ ਮਾਸ, ਮਛਲੀ, ਆਂਡੇ; ਸ਼ਰਾਬ, ਕਬਾਬ ਚਟਪਟੇਦਾਰ ਭੋਜਨ, ਜ਼ਿਆਦਾ ਮਸਾਲੇ ਵਾਲੇ ਛਤੀਹ ਪ੍ਰਕਾਰ ਦੇ ਭੋਜਨ, ਮੰਨ ਨੂੰ ਪ੍ਰਮਾਰਥ ਤੋਂ ਦੂਰ ਲੈ ਜਾਂਦੇ ਹਨ ਇਹ ਰਾਕਸ਼ੀ ਅਹਾਰ ਹੈ ਤਮੋ ਗੁਣ ਪੈਦਾ



www.AKJ.Org

ਕਰਦਾ ਹੈ। ਇਸ ਲਈ ਸਾਡਾ ਭੋਜਨ ਸਾਦਾ, ਸਾਫ ਸੁਥਰਾ, ਤੇ ਦਸਾਂ ਨਵਾਂ ਦੀ ਕ੍ਰਿਤ ਦਾ ਹੋਣਾ ਚਾਹੀਦਾ ਹੈ। ਪਰ ਅਫਸੋਸ ਇਸ ਗਲ ਦਾ ਹੈ ਕਿ ਅਸਾਂ ਨੇ ਭੋਜਨ ਨੂੰ ਵੀ ਇਕ ਫੈਸ਼ਨ ਬਣਾ ਦਿਤਾ ਹੈ। ਭੋਜਨ ਦੀ ਅਸਲੀ ਤਾਕਤ ਨੂੰ ਅਸੀਂ ਖਾਣ ਤੋਂ ਪਹਿਲਾਂ ਹੀ ਖਤਮ ਕਰਕੇ ਰਖ ਦੇਂਦੇ ਹਾਂ ਸਿਰਫ ਇਸ ਪਿਛੇ ਕਿ ਦੇਖਣ ਨੂੰ ਚੰਗਾ ਲਗਾ, ਜੀਭ ਨੂੰ ਸਵਾਦ ਆਇਆ। ਜਦ ਸਾਡੇ ਭੋਜਨ ਦਾ ਇਹ ਹਾਲ ਹੋ ਚੁਕਾ ਹੈ ਤਾਂ ਸਾਡੇ ਮਨ ਤੇ ਖਾਕ ਅਸਰ ਪੈਣਾ ਹੈ "ਮਨ ਨੀਵਾਂ ਮਤਿ ਉਚੀ" ਕੀਤੀ ਗਈ ਜੋਦੜੀ ਦਾ। ਇਸ ਲਈ ਸਾਨੂੰ ਆਪਣੇ ਭੋਜਨ ਵਲ ਵਧੇਰੇ ਖਿਆਲ ਦੇਣ ਦੀ ਲੋੜ ਹੈ। ਨਾ ਕਿ ਦੇਖਾ ਦੇਖੀ ਵਿਚ ਪੈ ਕੇ ਉਸ ਦੀ ਅਸਲੀਅਤ ਨੂੰ ਹੀ ਨਸ਼ਟ ਕਰ ਦੇਣਾ ਹੈ।

## ੨. ਕਾਰ ਵਿਹਾਰ—

ਵਿਹਾਰ ਦਾ ਮੰਨ ਤੇ ਬਹੁਤ ਅਸਰ ਪੈਂਦਾ ਹੈ। ਝੂਠ ਫਰੇਬ ਕਰਕੇ ਧਨ ਕਮਾਣਾ, ਬਲੈਕ ਮਾਰ-ਕਿਟ, ਚਾਰਸਉ ਵੀਹ (੪੨੦) ਦੀ ਮਾਇਆ, ਗਰੀਬਾਂ ਦਾ ਖੂਨ ਨਿਚੋੜ ਦੇ ਲਿਆਈ ਅਥਵਾ ਕਮਾਈ ਮਾਇਆ ਨੇ ਮਨ ਨੂੰ ਸ਼ਾਂਤ ਨਹੀਂ ਰਹਿਣ ਦੇਣਾ। ਕੋਈ ਨ ਕੋਈ ਦੁਖ ਤਕਲੀਫ ਬਨਿਆ ਰਹਿਣਾ ਹੈ। ਜਿਸ ਨੇ ਰਿਸ਼ਵਤ ਦਾ ਧੰਨ ਲਿਆਣਾ ਹੈ। ਹੇਰਾ-ਫੇਰੀ ਨਾਲ ਮਾਇਆ ਹੀ ਇਕਠੀ ਕਰਣੀ ਹੈ ਉਸ ਦਾ ਮੰਨ ਵਸ ਆ ਹੀ ਨਹੀਂ ਸਕਦਾ ਚਾਹੇ ਐਸੇ ਬੰਦੇ ਅਖੰਡ ਪਾਠਾਂ ਦੀਆਂ ਲੜੀਆਂ ਦੇ ਭੋਗ ਪਏ ਪਵਾਨ, ਬਗੁਲੇ ਭਗਤ ਦੀ ਤਰਾਂ ਇਕ ਆਸਣ ਸੁਮਾਧੀਆਂ ਪੈ ਲਗਾਉਣ ਉਹਨਾਂ ਦਾ ਕੱਖ ਨਹੀਂ ਸਉਰਨਾ। ਇਹ ਨਿਰਾ ਪਖੰਡ ਹੀ ਪਖੰਡ ਹੈ। ਜਦ ਤਕ ਕਥਨੀ ਕਰਨੀ ਇਕ ਨਹੀਂ ਹੋਣੀ ਕੱਖ ਨਹੀਂ ਸਉਰਨਾ।

ਇਸ ਲਈ ਗੁਰੂ ਸਾਹਿਬਾਂ ਨੇ ਦਸਾਂ ਨਵਾਂ ਦੀ ਕਿਰਤ ਕਰਨ ਦਾ ਉਪਦੇਸ਼ ਦਿਤਾ। ਗੁਰੂ ਸਾਹਿਬਾਂ ਨੇ ਪੂਜਾ ਦਾ ਧਾਨ ਖਾਣਾ ਨਹੀਂ ਦਸਿਆ ਸਗੋਂ ਹਥਾਂ ਪੈਰਾਂ ਨਾਲ ਉਦਮ ਕਰ ਕੇ ਨੇਕ ਕਮਾਈ ਕਰਨਾ ਸਿਖਾਇਆ। ਦਸਵੰਦ ਕਢਨਾ ਅਤੇ ਵੰਡ ਛਕਣਾ ਸਿਖਾਇਆ। ਪੂਜਾ ਦੇ ਧਾਨ, ਦਸਾਂ ਨਵਾਂ ਦੀ ਕਿਰਤ, ਦਸਵੰਦ ਬਾਰੇ ਰਹਤਨਾਮਿਆਂ ਵਿਚ ਕਰੜੇ ਹੁਕਮ ਲਿਖੇ ਮਿਲਦੇ ਹਨ। ਪ੍ਰਮਾਣ :—
ਰਹਤਨਾਮਾ ਭਾਈ ਦੇਸਾ ਸਿੰਘ ਜੀ ॥

ਰਹਿਤਵਾਨ ਗੁਰ ਸਿਖ ਹੈ ਸੋਈ,
**ਕਰ ਉਪਾਇ ਧਨ ਖਾਟੈ ਸੋਈ।**
ਤਾਹੀਂ ਕਰ ਘਰ ਕੋ ਨਿਰਬ ਹੈ,
**ਪੂਜਾ ਭੁਲ ਨਾ ਕਬਹੂ ਗਹੈ।**
੨. ਜੋ ਕੋਈ ਸਿੰਘ ਪੁਜਾਰੀ ਅਹੈ,
ਸੋ ਭੀ ਪੂਜਾ ਬਹੁਤ ਨ ਗਹੈ।
ਤਨ ਨਿਰਬਾਹ ਮਾਤ੍ਰ ਸੋ ਲੇਵੈ,
ਅਧਿਕ ਹੋਇ ਤੌ ਜਹਿ ਦੇਵੈ।
੩. ਦਸ ਨਖ ਕਰ ਜੋ ਕਾਰ ਕਮਾਵੈ,
ਤਾ ਕਰ ਜੋ ਧਨ ਘਰ ਮੈ ਆਵੈ।
ਤਿਸ ਤੇ ਗੁਰੁ ਦਸੌਂਧ ਜੋ ਦੇਈ,
ਸਿੰਘ ਸੁਜਧ ਬਹੁ ਜਗ ਮਹਿ ਲੇਈ।
੪. ਵਢੀ ਲੇ ਕਰ ਨਿਆਇ ਨ ਕਰੀਏ,
ਝੂਠੀ ਸਾਖਾ ਕਬੰਹੂ ਨ ਭਰੀਏ॥

## ਰਹਤਨਾਮਾ ਭਾਈ ਨੰਦ ਲਾਲ ਸਿੰਘ ਜੀ

੫. ਗੋਲਕ ਰਾਖੈ ਨਹਿ ਜੋ,
ਛਲ ਦਾ ਕਰੇ ਵਪਾਰ।
ਕਹੈ ਗੋਬਿੰਦ ਸਿੰਘ, ਲਾਲ ਜੀ,
ਭੋਗੇ ਨਰਕ ਹਜ਼ਾਰ ॥
੬. ਦਸਵੰਧ ਗੁਰੁ ਨਹਿ ਦੇਵਈ,
ਝੂਠ ਬੋਲ ਜੋ ਖਾਇ ।
ਕਹੈ ਗੋਬਿੰਦ ਸਿੰਘ, ਲਾਲ ਜੀ,
ਤਿਸ ਦਾ ਕਛੁ ਨ ਬਸਾਹਿ ॥
ਤਾਂਤੇ ਸਾਨੂੰ ਸੁਚਿਆਰ ਸਿੰਘ ਬਨਣ ਲਈ,


www.AKJ.Org

ਮਨ ਨੀਵਾਂ ਮਤਿ ਉਚੀ ਕਰਨ ਲਈ, ਜੋਦੜੀ ਦੇ ਨਾਲ ਨਾਲ ਆਪਣੇ ਨਿਤਾ ਪ੍ਰਤਿ ਦੇ ਵਿਹਾਰ ਵਲ ਧਿਆਨ ਦੇਣਾ ਚਾਹੀਦਾ ਹੈ ਤਦ ਹੀ ਅਸੀਂ ਗੁਰੂ ਦੀ ਖੁਸ਼ੀ ਪਰਾਪਤ ਕਰ ਸਕਾਂਗੇ। ਐਵੇਂ ਖਾਲੀ ਅਰਦਾਸ ਨਾਲ ਨਹੀਂ।

੩. ਚਾਲ ਚਲਨ (Character) ਭੋਜਨ ਅਤੇ ਵਿਹਾਰ ਦੇ ਨਾਲ ੨ ਅਸਾਂ ਅਪਣਾ ਚਾਲ ਚਲਨ ਗੁਰੂ ਦੇ ਹੁਕਮ ਅਨੁਸਾਰ ਬਨਾਣਾ ਹੈ। ਸਾਡਾ ਚਲਨ ਉਚਾ ਹੋਣਾ ਚਾਹੀਦਾ ਹੈ। ਐਸਾ ਨ ਹੋਇ ਕਿ "ਜਿਥੇ ਡਿਠਾ ਮਿਰਤਕੋ ਇਲ ਬਿਹਠੀ ਆਇ" ਜਿਥੇ ਚਾਰ ਮਾਇਆ ਦੀਆਂ ਕਉਡੀਆਂ ਦੇਖੀਆਂ ਲਾਲਚ ਵਿਚ ਆ ਗਏ, ਝੂਠ ਵਿਚ ਫਸ ਗਏ ਜਿਥੇ ਹਛੇ ਹਛੇ ਪਕਵਾਨ, ਚਟਪਟੇ ਭੋਜਨ ਡਿਠੇ ਜਾਂ ਪਸ਼ੂਆਂ ਵਾਂਗੂ ਮੂੰਹ ਮਾਰਨ ਲਗ ਪੈਣ ਜਿਥੇ ਰੂਪ ਰੰਗ ਦੇਖਿਆ ਕਾਮਵਾਸ਼ਨਾ ਦੀਆਂ ਰਾਲਾਂ ਡਿਗਨ ਲਗ ਪਈਆਂ। ਕੀ ਇਹ ਸਿਖ ਦਾ ਚਾਲ ਚਲਨ ਹੈ ਬਿਲਕੁਲ ਨਹੀਂ। ਸਿਖ ਦਾ ਜੀਵਨ ਕਿਤਨਾ ਉਚਾ ਹੈ ਇਸ ਦਾ ਇਤਿਹਾਸ ਗਵਾਹ ਹੈ। ਸਿਖ ਦੀ ਜ਼ਬਾਨ ਤੇ ਕਿਤਨਾ ਯਕੀਨ ਕੀਤਾ ਜਾਂਦਾ ਸੀ। ਸਿਖ ਦੇ ਚਾਲ ਚਲਨ ਬਾਰੇ ਇਤਿਹਾਸ ਵਿਚ ਅਨਗਿਨਤ ਪ੍ਰਮਾਣ ਭਰੇ ਪਏ ਹਨ। ਆ ਦੇਖ ਤੂੰ ਅਪਨੇ ਚਾਲ ਚਲਨ ਦੀ ਇਕ ਝਾਕੀ ਨੂੰ ਤੇ ਇਸ ਤੋਂ ਸਿਖਿਆ ਲੈ—

ਇਕ ਬਰਾਤ ਦੀ ਸ਼ਕਲ ਵਿਚ ਡੋਲਾ ਲੈ ਕੇ ਪਠਾਨ ਰੋਪੜ ਜ਼ਿਲੇ ਪਾਸੋਂ ਗੁਜ਼ਰ ਰਹੇ ਹਨ। ਖੁਸ਼ੀਆਂ ਵਿਚ ਸ਼ਰਾਬਾਂ ਪੀ ਮਸਤ ਅਲਮਸਤ ਹੋਇ ਜਾ ਰਹੇ ਸਨ ਕਿ ਕੁਝ ਸਿੰਘਾਂ ਨਾਲ ਮੁਠ ਭੇੜ ਹੋ ਗਈ। ਬਸ ਫੇਰ ਕੀ ਸੀ ਕੁਝ ਪਠਾਨ ਮਾਰੇ ਗਏ, ਬਚੇ ਖੁਚੇ ਡੋਲਾ ਛਡ ਨਸ ਭਜੇ। ਸਿੰਘਾਂ ਨੇ ਡੋਲਾ ਕੰਧੇ ਤੇ ਚੁਕਿਆ ਤੇ ਜਾ ਹਾਜ਼ਰ ਕੀਤਾ ਕਲਗੀਧਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿਤ੍ਰ ਚਰਨ ਕਮਲਾਂ ਵਿਖੇ।

ਸਾਰੀ ਵਾਰਤਾ ਗੁਰੂ ਜੀ ਨੇ ਸੁਣਨ ਤੋਂ ਬਾਦ ਪੁਛਿਆ ਕਿ ਇਸ ਡੋਲੇ ਵਿਚ ਕੀ ਹੈ ਤਾਂ ਸਿੰਘਾਂ ਨੇ ਉਤਰ ਦਿਤਾ ਦਾਤਾ ਇਹ ਤਾਂ ਸਾਨੂੰ ਵੀ ਪਤਾ ਨਹੀਂ ਪਰ ਅੰਦਾਜ਼ੇ ਮੁਤਾਬਕ ਨਵ ਵਿਆਹੀ ਹੋਈ ਨੌਜਵਾਨ ਯੁਵਤੀ ਹੀ ਹੋਨੀ ਹੈ ਬਾਕੀ ਤੁਸੀਂ ਜਾਨੋ। ਗੁਰੂ ਸਾਹਿਬਾਂ ਨੇ ਅਪਨੇ ਸੂਰਬੀਰ ਸਿੰਘਾਂ ਨੂੰ ਛਾਤੀ ਨਾਲ ਲਾਇਆ ਤੇ ਸ਼ਾਬਾਸ਼ ਦਿਤੀ। ਇਹ ਹੈ ਅੰਮ੍ਰਿਤ ਧਾਰੀ ਸਿਖ ਦਾ ਜੀਵਨ, ਉਚਾ ਚਾਲ ਚਲਨ। ਇਸ ਲਈ ਆ ਅਪਨਾ ਚਾਲ ਚਲਨ ਬਣਾ। ਏਵੇ ਦੇਖਾ ਦੇਖੀ ਦੂਜਿਆਂ ਦੀ ਰੀਸ—ਪੜੀਸੀ ਅਪਨਾ ਆਪ ਨ ਗਵਾ। ("ਝੂਠੀ ਦੁਨੀਆ ਲਗ ਨ ਆਪ ਵਵਾਂਈਐ।')

## ਸਾਰ

ਮਨ ਨੀਵਾਂ ਮਤਿ ਉਚੀ ਬਨਾਣ ਲਈ ਗੁਰੂ ਦੀ ਪਰਸੰਸਾ, ਖੁਸ਼ੀ ਲੈਨੀ ਹੈ ਤੇ ਖੁਸ਼ੀ ਲੈਣ ਲਈ ਗੁਰੂ ਦੇ ਹੁਕਮ ਨੂੰ ਮਨ ਬਚ ਕਰਮ ਕਰ ਕੇ ਮਨਣਾ ਹੈ। ਗੁਰੂ ਦਾ ਹੁਕਮਨ ਸਿਰ ਹੁਕਮ ਅੰਮ੍ਰਿਤ ਪਾਨ ਕਰਨਾ ਤੇ ਦਰਸਾਇ ਗਏ ਨਿਯਮਾਂ ਤੇ ਚਲਨਾ ਹੈ। ਅਸੀਂ ਮਨ ਨੀਵਾਂ ਮਤਿ ਉਚੀ ਕਰਨ ਲਈ ਆਪਨੇ ਭੋਜਨ, ਪਵਿਤਰ, ਚਾਲ ਚਲਨ ਨੂੰ ਠੀਕ ਕਰੀਏ ਅਤੇ ਮਨ ਨੂੰ ਗੁਰ ਸ਼ਬਦ ਦਾ ਪਰਚਾ ਪਾਈ ਰਖੀਏ ਤੇ ਨਾਲ ਨਾਲ ਜੋਦੜੀਆਂ ਕਰੀਏ ਤਾਂ ਓਹੁ ਦਿਨ ਦੂਰ ਨਹੀਂ ਕਿ ਸਾਡਾ ਮਨ ਨੀਵਾਂ ਮਤਿ ਉਚੀ ਨ ਹੋ ਜਾਇ।

## ਅੰਤਕਾ

ਇਹ ਕੁਝ ਕੁ ਵਿਚਾਰ 'ਮਨ ਨੀਵਾਂ ਮਤਿ ਉਚੀ' 'ਪੰਕਤੀ ਤੋਂ ਪ੍ਰਭਾਵਿਤ ਹੋ ਕੇ ਲਿਖਣ ਦਾ ਯਤਨ ਕੀਤਾ ਹੈ। ਦਰ ਅਸਲ ਇਹ ਵਿਸ਼ਯ, ਮਜ਼ਮੂਨ ਬੜਾ ਗੰਭੀਰ ਅਤੇ ਸੂਖਸ਼ਮ ਹੈ ਤੇ ਦਾਸ ਦੀ ਬੁਧੀ ਥੋੜੀ ਹੈ, ਛੋਟੀ ਹੈ। ਇਸ ਦੇ ਅਤੰਰੀਵੀਂ ਭਾਵ ਤਾਂ ਗੁਰਮੁਖ ਜਗਿਆਸੂ ਹੀ ਜਾਣਦੇ ਹਨ ਨ ਕਿ ਹਮਾਤੜ ਸਾਥੀ।



www.AKJ.Org

# ਸੰਤ ਸਿਪਾਹੀ ਸਤਿਗੁਰੂ ਗੋਬਿੰਦ ਸਿੰਘ ਤੇ ਪੰਥ ਖਾਲਸਾ

(ਗਿਆਨੀ ਨਾਹਰ ਸਿੰਘ ਜੀ ਗੁਜਰਵਾਲ)

ਸੰਸਾਰ ਵਿਚ ਸਿਖ ਧਰਮ ਅਚਰਜਵਾਦ ਤੇ ਕਲਾਵਾਦ ਪਰ ਨਿਰਭਰ ਹੈ। ਅਕਾਲ ਪੁਰਖ ਅਚਰਜ ਤੇ ਸਰਬ ਕਲਾ ਸਮਰਥ ਹੈ। ਦਸੇ ਗੁਰੂ ਸਾਹਿਬਾਨ ਤੇ ਉਨ੍ਹਾਂ ਦੀ ਬਾਣੀ ਅਕਾਲ ਪੁਰਖ ਦੀ ਕਲਾ ਦੁਆਰਾ ਉਸਦਾ ਜੋਤ ਰੂਪ ਹੋਣ ਕਰਕੇ ਅਚਰਜ ਤੇ ਕਲਾਧਾਰੀ ਹਨ। ਛੇਵੇਂ ਪਾਤਸ਼ਾਹ ਨੇ ਸ੍ਰੀ ਅਕਾਲ ਤਖਤ ਦੀ ਸਥਾਪਨਾ ਕਰ ਕੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਸ਼ਾਂਤੀ ਰਸ ਤੇ ਬੀਰ ਰਸ ਨੂੰ ਇਕੱਠਾ ਕਰਕੇ ਇਕ ਨਵਾਂ ਪੂਰਨਾਂ ਪਾਇਆ, ਜਿਸ ਨੂੰ ਗੁਰੂ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬੰਦ ਸਿੰਘ ਜੀ ਨੇ ਖ਼ਾਲਸਾ ਪੰਥ ਸਾਜ ਕੇ ਗੁਰੂ ਨਾਨਕ ਸਾਹਿਬ ਤੇ ਛੇਵੇਂ ਪਾਤਸ਼ਾਹ ਤੇ ਹੋਰ ਗੁਰੂ ਸਾਹਿਬਾਨ ਦੇ ਉਦੇਸ਼ ਨੂੰ ਪੂਰਾ ਕੀਤਾ। ਗੁਰੂ ਦਸਮ ਪਾਤਸ਼ਾਹ ਨੇ ਆਪਣਾ ਉਦੇਸ਼ ਏਹ ਦਸਿਆ :–

"ਹਮ ਇਹ ਕਾਜ ਜਗਤ ਮੋ ਆਏ।
ਧਰਮ ਹੇਤ ਗੁਰਦੇਵ ਪਠਾਏ।
ਕਹਿਓ ਪ੍ਰਭੂ ਸੁ ਭਾਖਿ ਹੋਂ।
ਕਿਸੂ ਨ ਕਾਨ ਰਾਖਿ ਹੋਂ।

ਅਰਥਾਤ ਮੈਨੂੰ ਅਕਾਲ ਪੁਰਖ ਨੇ ਧਰਮ ਚਲਾਵਨ ਲਈ ਭੇਜਿਆ ਹੈ। ਜੋ ਮੈਨੂੰ ਅਕਾਲ ਪੁਰਖ ਨੇ ਕਿਹਾ ਹੈ, ਮੈਂ ਓਹੋ ਕਹਿੰਦਾ ਹਾਂ। ਮੈਂ ਕਿਸੇ ਦੀ ਕਾਣ ਨਹੀਂ ਰਖਦਾ। ਮੇਰਾ ਉਦੇਸ਼ ਦੁਸ਼ਟਾਂ ਦਾ ਸ਼ੰਘਾਰ ਕਰਨਾ ਤੇ ਸੰਤਾਂ ਦੀ ਰਖਿਆ ਕਰਨਾ ਹੈ।

ਧਰਮ ਚਲਾਵਨ ਸੰਤ ਉਬਾਰਨ।
ਦੁਸ਼ਟ ਸਭਨ ਕੋ ਮੂਲ ਉਬਾਰਨ।

ਗੁਰੂ ਸਾਹਿਬ ਛੇਵੇਂ ਤੇ ਦਸਮ ਪਾਤਸ਼ਾਹ ਨੇ ਇਕ ਅਨੋਖੀ ਗਲ ਕੀਤੀ ਕਿ ਖੰਡੇ ਦੀ ਧਾਰ ਵਿਚੋਂ ਅੰਮ੍ਰਿਤ ਦੇ ਕੇ ਸ਼ਾਂਤੀ ਪਰਦਾਨ ਕੀਤੀ। ਗੁਰੂ ਸਾਹਿਬ ਦੇ ਖੰਡੇ ਦੀ ਫਿਲਾਸਫੀ ਬੋਧੀ ਜੈਨੀ ਤੇ ਹੋਰ ਅਖਾਉਤੀ ਅਹਿੰਸਾ ਵਾਦੀ ਨਹੀਂ ਸਮਝ ਸਕਦੇ। ਗੁਰੂ ਸਾਹਿਬ ਨੇ ਮੁਕਤੀ ਦਾਤਾ ਨਾਮ ਦਾ ਖੰਡਾ ਗੁਰਮੰਤਰ ਵਾਹਿਗੁਰੂ ਸਿਖਾਂ ਨੂੰ ਬਖਸ਼ਿਆ। ਆਪ ਨੇ ਅਕਾਲ ਨੂੰ ਬੀ ਸ਼ਸਤਰਾਂ ਤੇ ਸਰਬ ਲੋਹ ਦੇ ਨਾਮ ਨਾਲ ਯਾਦ ਕੀਤਾ। ਖਾਲਸਾ ਪੰਥ ਧਰਮ ਤੇ ਦੀਨਾਂ ਦੀ, ਗ਼ਰੀਬਾਂ ਦੀ ਰਖਿਆ ਲਈ ਸਾਜਿਆ। ਗੁਰੂ ਛੇਵੇਂ ਪਾਤਸ਼ਾਹ ਨੇ ਚਾਰ ਤੇ ਦਸਮੇਂ ਪਾਤਸ਼ਾਹ ਨੇ ਅਠਾਰਾਂ ਲੜਾਈਆਂ



www.AKJ.Org

ਲੜੀਆਂ ; ਜਿਨਾਂ ਵਿਚੋਂ ਕੋਈ ਵੀ offensive ਦੂਜੇ ਨੂੰ ਮਾਰਨ ਵਾਲੀ ਨਹੀਂ ਸੀ। ਸਗੋਂ ਸਾਰੀਆਂ Defensive ਸਵੈ ਰਖਿਆ ਵਾਲੀਆਂ ਸਨ ।

ਗੁਰੂ ਸਾਹਿਬ ਨੇ ਜਿਵੇਂ ਖੰਡੇ ਵਿਚੋਂ ਸ਼ਾਂਤੀ ਵਰਤਾਈ, ਉਸ ਦੀਆਂ ਦੋ ਤਿੰਨ ਮਿਸਾਲਾਂ ਹੇਠ ਦਿਤੀਆਂ ਜਾਂਦੀਆਂ ਹਨ:—

(੧) ਅਨੰਦਪੁਰ ਸਾਹਿਬ ਦੇ ਇਕ ਜੰਗ ਵਿਚ ਸੈਦ ਖਾਂ ਜਰਨੈਲ ਸ਼ਾਹੀ ਫੌਜ ਦੇ ਕਮਾਂਡਰ ਨੇ ਚਿਤਵਿਆ ਕਿ ਜੇ ਹਿੰਦ ਦਾ ਪੀਰ ਮੇਰੇ ਸਾਹਮਣੇ ਆਵੇ ਤਾਂ ਮੈਂ ਦੋ ਹੱਥ ਕਰਾਂ । ਅੰਤਰਯਾਮੀ ਨੇ ਉਸ ਦੇ ਦਿਲ ਦੀ ਭਾਵਨਾ ਸਮਝ ਕੇ ਘੋੜਾ ਛੇੜਿਆ ਤੇ ਘੋਰ ਯੁਧ ਹੁੰਦੇ ਵਿਚ ਸੈਦ ਖਾਂ ਦੇ ਸਾਹਮਣੇ ਜਾ ਖੜੇ ਹੋਏ ਤੇ ਕਿਹਾ ਕਿ 'ਅਸੀਂ ਆ ਗਏ ਹਾਂ; ਜੁਧ ਦਾ ਸਮਾਂ ਹੈ, ਤੂੰ ਆਪਣਾ ਵਾਰ ਕਰ, ਦਰਸ਼ਨ ਕਰਦੇ ਸਾਰ ਹੀ ਸੈਦ ਖਾਂ ਦੀ ਕਾਇਆਂ ਪਲਟ ਗਈ ਤੇ ਚਰਨਾਂ ਪਰ ਢਹਿ ਪਿਆ ਤੇ ਕਹਿਣ ਲਗਾ 'ਮੇਰਾ ਇਹੋ ਵਾਰ ਸਫਲਾ ਹੋਵੇ' ਉਸ ਨੂੰ ਸਚੀ ਸ਼ਾਂਤੀ ਪਰਾਪਤ ਹੋਈ ਤੇ ਉਹ ਮੈਦਾਨ ਜੰਗ ਛਡ ਕੇ ਚਲਾ ਗਿਆ।

(੨) ਗੋਪਾਲ ਦਾਸ ਬੈਰਾਗੀ ਸਾਧੂ ਨੇ ਕੁਰਛੇਤ੍ਰ ਵਿਚ ਕਿਸੇ ਸਿਖ ਪਾਸੋਂ ਗੁਰਬਾਣੀ ਸੁਣੀ ਤੇ ਉਸ ਨੂੰ ਪਤਾ ਲਗਾ ਕਿ ਏਹ ਬਾਣੀ ਗੁਰੂ ਕੀ ਹੈ ਤੇ ਉਸ ਵੇਲੇ ਗੁਰ ਗਦੀ ਪਰ ਦਸਮੇਂ ਪਾਤਸ਼ਾਹ ਬਿਰਾਜਮਾਨ ਸਨ। ਉਹ ਦਰਸ਼ਨ ਲਈ ਅਨੰਦਪੁਰ ਸਾਹਿਬ ਪਹੁੰਚਾ। ਉਸ ਨੇ ਦੇਖਿਆ ਕਿ ਫੌਜ ਦੀ ਚੜ੍ਹਾਈ ਹੈ ਉਸ ਨੇ ਸੋਚਿਆ ਕਿ ਮੈਂ ਤਾਂ ਸਮਝਦਾ ਸਾਂ ਕਿ ਕੋਈ ਵੈਸ਼ਨੋ ਸਾਧੂ ਹੋਂਗੇ। ਯਿਹ ਤੋ ਸ਼ਸਤਰਧਾਰੀ ਹਿੰਸਕ ਗੁਰੂ ਹੈ। ਇਸ ਕਾ ਕਿਆ ਦਰਸ਼ਨ ਕਰਨਾ ਹੈ। ਏਹ ਸੋਚ ਕੇ ਮੁੜਨ ਲਗਾ। ਪਿਛੋਂ ਖਿਆਲ ਆਇਆ ਕਿ ਇਤਨੀ ਦੂਰੋਂ ਆਇਆ ਹਾਂ ਚਲੋ ਦੇਖ ਤਾਂ ਚਲੀਏ। ਏਸ ਖਿਆਲ ਨਾਲ ਦਰਸ਼ਕਾਂ ਦੀ ਕਤਾਰ ਵਿਚ ਖਲੋ ਗਿਆ। ਜਦ ਗੁਰੂ ਸਾਹਿਬ ਘੋੜੇ ਪਰ ਸਵਾਰ ਹੋ ਕੇ ਗੋਪਾਲ ਦਾਸ ਦੇ ਲਾਗੇ ਆਏ ਤਾਂ ਆਪ ਨੇ ਫੁਰਮਾਇਆ ਅਰੇ ਭਰਮ ਭਰਮ ਆਏ ਬਰਾਗੀਅੜੇ ਇਧਰ ਆ, ਇਹ ਕਹਿ ਕੇ ਆਪਣੇ ਪਾਸੋਂ ਬੰਦੂਕ ਉਸ ਦੇ ਮੋਢੇ ਉਪਰ ਰਖ ਦਿਤੀ। ਗੁਰੂ ਕੀ ਐਸੀ ਕਲਾ ਵਰਤੀ ਕਿ ਗੋਪਾਲ ਦਾਸ ਬੰਦੂਕ ਲੈ ਕੇ ਨਾਲ ਤੁਰ ਪਿਆ। ਉਹ ਜੋ ਗੁਰੂ ਸਾਹਿਬ ਨੂੰ ਹਿੰਸਕ ਕਹਿੰਦਾ ਸੀ। ਉਸ ਦਾ ਮੰਨ ਸ਼ਾਂਤ ਹੋ ਗਿਆ ਤੇ ਬੰਦੂਕ ਲੈ ਕੇ ਆਪ ਆਗਿਆਕਾਰੀ ਸ਼ਸਤਰ ਧਾਰੀ ਹੋ ਗਿਆ।

(੩) ਬਾਬਾ ਬੰਦਾ ਬਹਾਦਰ ਦੇ ਪਰਸੰਗ ਤੋਂ ਸਭ ਜਾਣੂ ਹਨ ਕਿ ਉਹ ਵੈਸ਼ਨੋ ਬੈਰਾਗੀ ਸਾਧੂ ਗੁਰੂ ਕੇ ਦਰਸ਼ਨ ਕਰ ਕੇ ਗੁਰੂ ਕਾ ਬੰਦਾ ਹੋ ਗਿਆ, ਅੰਮ੍ਰਿਤ ਛਕ ਕੇ ਬੰਦਾ ਸਿੰਘ ਬਣਿਆ ਜਿਸ ਨੇ ਪੰਜਾਬ ਵਿਚ ਅਠ ਸਾਲ ਵਿਚ ਜ਼ਾਲਮਾਂ ਤੇ ਦੁਸ਼ਟਾਂ ਦੀ ਸੁਧਾਈ ਕੀਤੀ। ਗੁਰੂ ਸਾਹਿਬ ਨੇ ਖ਼ਾਲਸਾ ਸਾਜ ਕੇ ਦਸਿਆ ਹੈ ਕਿ ਸਫਲ ਜਿਊਣਾ ਤੇ ਸਚਾ ਮਰਨਾ ਕੀ ਹੈ॥ ਆਪ ਫੁਰਮਾਉਂਦੇ ਹਨ:—

## ਸਵੈਯਾ

ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥ ਦੇਹ ਅਨਿੱਤ ਨ ਨਿੱਤ ਰਹੈ, ਜਸੁ ਨਾਵ ਚੜੈ ਭਵ ਸਾਗਰ ਤਾਰੈ॥ ਧੀਰਜ ਧਾਮ ਬਨਾਇ ਇਹੈ ਤਨ, ਬੁਧਿ ਸੁ ਦੀਪਕ ਜਿਉ ਉਜੀਆਰੈ ਗਯਾਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥

ਏਸ ਸਵੈਯੇ ਵਿਚ ਮਹਾਰਾਜ ਨੇ ਇਹ ਦਸਿਆ ਹੈ ਕਿ ਧੰਨ ਹੈ, ਉਹ ਜਨ ਜੋ ਨਾਮ ਜਪਦਾ ਤੇ ਧਰਮ ਯੁਧ ਕਰਦਾ ਹੈ, ਜੇਹੜਾ ਸਰੀਰ ਨੂੰ ਧੀਰਜੀ ਬਣਾਉਂਦਾ ਹੈ ਤੇ ਆਪਣੀ ਅਕਲ ਨੂੰ ਦੀਵੇ ਵਾਂਗ ਰੌਸ਼ਨ ਰਖਦਾ ਹੈ। ਗਜਾਨ ਦੀ ਤਲਵਾਰ ਲੈ ਕੇ ਦਿਲ ਵਿਚੋਂ ਕਾਇਰਤਾ (ਡਰਪੋਕ ਪੁਣਾ) ਨੂੰ ਕਟਕੇ ਝਾੜੂ ਵਾਂਗ ਸਾਫ ਕਰ ਦਿੰਦਾ ਹੈ।

ਭਜਨੀਕ ਪੁਰਸ਼ ਪੁਰਾਤਨ ਸਿੰਘ ਖੰਡੇ ਦੀ



www.AKJ.Org

ਅਸਲੀਅਤ ਨੂੰ ਸਮਝਦੇ ਸਨ। ਉਹ ਜੁਧ ਵਿਚ ਸ਼ਹੀਦ ਹੋਣ ਨੂੰ ਸਭ ਤੋਂ ਉਤਮ ਸਮਝਦੇ ਸਨ। ਗੁਰੂ ਸਾਹਿਬ ਨੇ ਆਪਣੇ ਜੋਤੀ ਜੋਤ ਸਮਾਉਨ ਦਾ ਕੌਤਕ ਬੀ ਸ਼ਸਤਰ ਦੇ ਵਾਰ ਨਾਲ ਹੀ ਕੀਤਾ।

ਇਕ ਵਾਰ ਤਰਨ ਤਾਰਨ ਬਠੇ ਵਿਚਾਰ ਕਰਦਿਆਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਫਰਮਾਇਆ ਸੀ, 'ਏਹ ਗਲ ਤੁਹਾਡੀ ਸਮਝ ਵਿਚ ਆਉਣੀ ਔਖੀ ਹੈ, ਕਿ ਅਕਾਲ ਪੁਰਖ ਖੰਡੇ ਦਾ ਰੂਪ ਹੀ ਹੈ'' ਗੁਰੂ ਸਾਹਿਬ ਜਦ ਕਿਸੇ ਪਰ ਬਖਸ਼ਿਸ਼ ਕਰਿਆ ਕਰਦੇ ਸਨ, ਉਹ ਕੋਈ ਨਾ ਕੋਈ ਸ਼ਸ਼ਤਰ ਬਖਸ਼ਿਆ ਕਰਦੇ ਸਨ। ਥਾਂਉਂ ਥਾਈਂ ਉਨ੍ਹਾਂ ਦੀ ਬਖਸ਼ਿਸ਼ ਦੇ ਸ਼ਸ਼ਤਰ ਪੰਜਾਬ ਵਿਚ ਤੇ ਹੋਰ ਥਾਈਂ ਹੁਣ ਤਕ ਮੌਜੂਦ ਹਨ। ਮਾਤਾ ਸਾਹਿਬ ਕੌਰ ਨੂੰ ਭੀ ਆਪ ਨੇ ਪੰਜ ਸ਼ਸ਼ਤਰ ਬਖਸ਼ਿਸ਼ ਕਰਕੇ ਕਿਹਾ ਸੀ ਕਿ ਜਦ ਇਨ੍ਹਾਂ ਦੇ ਦਰਸ਼ਨ ਕਰਿਆ ਕਰੋਗੇ ਤਾਂ ਸਾਡਾ ਦਰਸ਼ਨ ਕਰਿਆ ਕਰੋਗੇ। ਏਨ੍ਹਾਂ ਸ਼ਸ਼ਤਰਾਂ ਵਿਚੋਂ ਦੋ ਤਲਵਾਰਾਂ ਹੁਣ ਬੀ ਮਾਤਾ ਸੁੰਦਰੀ ਜੀ ਦੇ ਗੁਰਦੁਆਰੇ ਨਵੀਂ ਦਿੱਲੀ ਵਿਚ ਮਊਜੂਦ ਹਨ।

ਗੁਰੂ ਸਾਹਿਬ ਨੇ ਫਰਮਾਇਆ ਹੈ ਮੇਰੇ ਤਿੰਨ ਰੂਪ ਹਨ। ਇਕ ਜੋਤਿ ਰੂਪ ਵਿਚ ਹੁਣ ਬੀ ਸੰਸਾਰ ਵਿਚ ਵਿਚਰ ਰਹੇ ਹਨ, ਤੇ ਪ੍ਰੇਮੀ ਜਨਾਂ ਨੂੰ ਉਨ੍ਹਾਂ ਦੇ ਪ੍ਰੇਮ ਵਸ ਹੋ ਕੇ ਦਰਸ਼ਨ ਦੇ ਰਹੇ ਹਨ। ਦੂਜਾ ਸ਼ਬਦ ਰੂਪ ਵਿਚ ਜਿਸ ਰੂਪ ਵਿਚ ਹੁਣ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ ਪ੍ਰਤੱਖ ਹਨ। ਤੀਜਾ ਹੈ ਉਨ੍ਹਾਂ ਦਾ ਸਰੀਰਕ ਰੂਪ ਖਾਲਸਾ ਪੰਥ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਬਦ ਰੂਪ ਦੇ ਤਾਬੇ ਹੈ। ਗੁਰੂ ਸਾਹਿਬ ਨੇ ਖਾਲਸੇ ਨੂੰ ਅਪਣੇ ਨਾਲ ਅਭੇਦ ਕੀਤਾ। ਖਾਲਸੇ ਨੂੰ ਅੰਮ੍ਰਿਤ ਛਕਾਇਆ ਤੇ ਫੇਰ ਪੰਜ ਪਿਆਰਿਆਂ ਤੋਂ ਆਪ ਅੰਮ੍ਰਿਤ ਛਕਿਆ।

ਇਉਂ ਤੀਸਰ ਪੰਥ ਚਲਾਇਅਨ ਵਡ ਸੂਰ ਗਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਗੁਰੂ ਸਾਹਿਬ ਨੇ ਵਿਦਯਾ ਪੱਖ ਵਿਚ ੫੨ ਕਵੀ ਰਖ ਕੇ ਆਪ ਗ੍ਰੰਥ ਰਚੇ ਤੇ ਕਵੀਆਂ ਪਾਸੋਂ ਰਚਵਾਏ। ਆਪ ਵਿਦਵਾਨਾ ਤੇ ਕਵੀਆਂ ਵਿਚ ਸ਼੍ਰੋਮਣੀ ਸਨ। ਜੁਧ ਭੂਮੀ ਵਿਚ ਉਹ ਅਦੁਤੀ ਜਰਨੈਲ ਸਨ। ਗੁਰੂ ਰੂਪ ਵਿਚ ਉਹ ਮੁਕਤੀ ਦਾਤੇ ਤੇ ਖਾਲਸੇ ਨੂੰ ਅਬਿਨਾਸੀ ਪਦ ਬਖਸ਼ਣ ਵਾਲੇ ਸਨ। ਤਦੇ ਕਰਨੀ ਵਾਲੇ ਨਿਹੰਗ ਸਿੰਘ ਕਿਹਾ ਕਰਦੇ ਹਨ ਕਿ ਖਾਲਸਾ ਅਬਿਨਾਸੀ ਹੈ ਤੇ ਬਾਕੀ ਸਭ ਚੁਰਾਸੀ ਹੈ। ਕਿਉਂਕਿ ਜੋ ਗੁਰੂ ਸਾਹਿਬ ਦੇ ਉਪਦੇਸ਼ਾਂ ਪਰ ਵਰਤੋਂ ਕਰਕੇ ਦ੍ਰਿੜ ਰਹਿੰਦਾ ਹੈ, ਉਹ ਚੁਰਾਸੀ ਦੇ ਗੇੜ ਵਿਚ ਨਹੀਂ ਆਉਂਦਾ। ਖਾਲਸਾ ਉਦੋਂ ਹੀ ਢਹਿੰਦੀ ਕਲਾ ਵਿਚ ਜਾਂਦਾ ਹੈ, ਜਦੋਂ ਉਹ ਸਿਖੀ ਆਦਰਸ਼ ਤੋਂ ਡਿਗਦਾ ਹੈ। ਜਦੋਂ ਉਸ ਵਿਚ ਪਰੇਮ ਤਿਆਗ ਤੇ ਕੁਰਬਾਨੀ ਦੀ ਥਾਂ ਹਉਮੈ ਤੇ ਸ਼ੁਹਰਤ ਵਿਚ ਵਹਿਣ, ਲਾਲਚ, ਮਨ ਮਾਇਆ ਦੀ ਭੁਖ ਆ ਵਸਦੀ ਹੈ।

ਗੁਰੂ ਸਾਹਿਬ ਉਹ ਜੀਨੀਅਸ ਸਨ ਤੇ ਹੁਣ ਬੀ ਹਾਜ਼ਰ ਨਾਜ਼ਰ ਹਨ। ਜਿਨ੍ਹਾਂ ਨੇ ਉਹ ਖਾਲਸਾ ਪੰਥ ਪੈਦਾ ਕੀਤਾ ਜਿਸ ਨੇ ਢਾਈ ਹਜ਼ਾਰ ਬਰਸ ਤੋਂ ਉਤਰ ਪੱਛਮ ਦੀ ਹੱਦ ਵਲੋਂ ਹਿੰਦੁਸਤਾਨ ਪਰ ਹਮਲਾ ਕਰਨ ਵਾਲਿਆਂ ਦੇ ਮੂੰਹ ਮੋੜ ਕੇ ਹਿੰਦੁਸਤਾਨ ਦੀ ਹੱਦ ਦੀ ਰਖਿਆ ਕਰਕੇ ਇਤਿਹਾਸ ਨੂੰ ਬਦਲਕੇ ਰੱਖ ਦਿਤਾ। ਜਿਸ ਨੇ ਦਿਲੀ ਦੀ ਮੁਗਲ ਸਰਕਾਰ ਦੀ ਸਖਤੀ ਤੇ ਅਹਿਮਦ ਸ਼ਾਹ ਦੁਰਾਨੀ ਦੇ ਹਮਲਿਆਂ ਨੂੰ ਠੱਲ੍ਹ ਪਾ ਕੇ ਦੋ ਜਾਬਰ ਸਰਕਾਰਾਂ ਦਾ ਟਾਕਰਾ ਕਰਕੇ ਪੰਜਾਬ ਵਿਚ ਆਪਣੀ ਸੁਤੰਤਰ ਬਾਦਸ਼ਾਹੀ ਕਾਇਮ ਕਰ ਦਿਤੀ। ਥੋੜੀ ਗਿਣਤੀ ਵਿਚ ਹੁੰਦਿਆਂ ਹੋਇਆਂ ਬੀ ਗੁਰੂ ਆਸਰੇ ਤੇ ਗੁਰੂ ਕੀ ਕਲਾ ਦੀ ਬਰਕਤ ਨਾਲ ੬੦ ਸਾਲ ਲਗਾਤਾਰ ਪੰਜਾਬ ਵਿਚ ਜੰਗ ਕਰਕੇ ਸਿਖ ਧਰਮ ਨੂੰ ਕਾਇਮ ਰਖਿਆ। ੧੭੬੧ ਈ: ਦੀ ਪਾਣੀਪਤ ਦੀ ਤੀਜੀ ਲੜਾਈ ਵਿਚ ਅਹਿਮਦ ਸ਼ਾਹ ਮਰਹੱਟਿਆਂ ਦੀ ਪੰਜ ਹਜ਼ਾਰ ਲੜਕੀਆਂ ਲੈ ਗਿਆ ਉਸ ਨੇ ਕਿਹਾ ਕਿ ਰੁਪਏ ਦੇ ਕੇ



www.AKJ.Org

ਲੜਕੀਆਂ ਵਾਪਸ ਲੈ ਜਾਓ। ਪਰ ਮਰਹੱਟੇ ਏਹ ਕੁਝ ਨਾ ਕਰ ਸਕੇ। ਖਾਲਸੇ ਨੇ ਉਸ ਵੇਲੇ ਬੀ ਦੋ ਹਜ਼ਾਰ ਤਿੰਨ ਸੌ ਲੜਕੀਆਂ ਦੁਰਾਨੀਆਂ ਪਾਸੋਂ ਛੁੜਾ ਕੇ ਮਰਹੱਟਿਆਂ ਨੂੰ ਵਾਪਸ ਦਿਤੀਆਂ। ਏਹ ਸਭ ਕਲ੍ਹਾ ਖੰਡੇ ਦੇ ਅੰਮ੍ਰਿਤ ਦੀ ਬਰਕਤ ਤੇ ਖੰਡੇ ਦੀ ਸ਼ਕਤੀ ਕਰਕੇ ਸੀ।

ਗੁਰੂ ਸਾਹਿਬ ਦੀ ਸਰਬ ਲੋਹ ਦੀ ਫਿਲਾਸਫੀ ਬਾਰੇ ਐਂਡਮਾਂਡ ਕੈਂਡਲਰ ਜੋ ਕਦੇ ਮਹਿੰਦਰਾ ਕਾਲਜ ਪਟਿਆਲੇ ਦੇ ਪ੍ਰਿੰਸੀਪਲ ਰਹੇ ਨੇ ਆਪਣੀ ਕਿਤਾਬ ਮੈਂਟਲ ਆਫ ਈਸਟ ਵਿਚ ਇਸ ਤਰ੍ਹਾਂ ਲਿਖਿਆ ਹੈ:-

When Guru Govind inaugrated the sacrament of steel, he proved himself a wise and far-sighted leader. For of all material things which genius has insplred with spiritual significance steel is the truest and most uncompromising. Let humanitarians prate as they will. There never has been a race who have not been purged and refined by it. in some, it is the only combater of grossness and the nonster of self. To the khalsa it gave a cause and welded then into a nation, and in the dark days of Muhammad rule in the middle of the eighteenth century, when the sikh was slam at sight and no quarter was given, it drove them on those gallant crusades in which they rode to Amritsar in the dead of night lept into the sacred tank and out again, and gallop.d back through the enemies lines purified. Hundreds were slain, but not one abjured his faith or pe jured his soul to preserve his muddy vestire of decay.

(Edmond candler the mantle of the Ea t, P. 120-21)

ਇਸ ਦਾ ਤਰਜਮਾ ਹੇਠ ਦਿਤਾ ਜਾਂਦਾ ਹੈ:-

'ਸ੍ਰੀ ਗੁਰੂ ਗੋਬਿੰਦਸਿੰਘ ਜੀ ਨੇ ਸਰਬ ਲੋਹ ਨੂੰ (ਆਤਮਕ ਉਦਤਾ ਪਰਾਪਤ ਕਰਵਾਉਣ ਵਾਲੀਆਂ ਵਸਤਾਂ ਵਿਚੋਂ ਸਮਝਦੇ ਹੋਏ) ਧਾਰਮਿਕ ਚਿਨ੍ਹਾਂ ਵਿਚ ਦਾਖਲ ਕਰਕੇ ਅਪਣੇਂ ਆਪ ਨੂੰ ਇਕ ਦੂਰ-ਅੰਦੇਸ਼ ਤੇ ਸਿਆਣਾ ਆਗੂ ਸਾਬਤ ਕੀਤਾ। ਉਨ੍ਹਾਂ ਸਾਰੀਆਂ ਮਾਦੀ ਵਸਤਾਂ ਵਿਚੋਂ ਜਿਨ੍ਹਾਂ ਨੂੰ ਆਤਮਕ ਮੰਡਲ ਵਿਚ ਵਿਸ਼ੇਸ਼ ਅਰਥ ਰਖਨ ਵਾਲੀਆਂ ਸਮਝਿਆ ਗਿਆ ਹੈ, ਸਰਬ ਲੋਹ ਸਭ ਤੋਂ ਵਧੀਕ ਆਪਣੇ ਆਪ ਵਿਚ ਤੇ ਦੂਜਿਆਂ ਨੂੰ ਸਥਿਰ ਰਖਣ ਵਾਲੀ ਚੀਜ਼ ਹੈ। ਅਹਿੰਸਾ ਦੇ ਪਰਚਾਰਕ ਭਾਵੇਂ ਕੁਝ ਭੀ ਕਹਿਣ ਪਰ ਇਹ ਗਲ ਸੋਲਾਂ ਆਨੇ ਸਚ ਹੈ ਕਿ ਕਿਸੇ ਵੀ ਸਮਾਜ ਤੇ ਸਰਬ ਲੋਹ ਦਾ ਅਸਰ ਪਵਿਤਰਤਾ ਉਤਪੰਨ ਕਰਨ ਦੇ ਸਿਵਾ ਹੋਰ ਕੁਝ ਨਹੀਂ ਹੋਇਆ। ਕਈ ਮਤਾਂ ਵਿਚ ਸਿਰਫ ਇਸੇਨੂੰ ਊਣਤਾਂਈਆਂ ਦੂਰ ਕਰਨ ਵਾਲੀ ਵਸਤੂ ਮੰਨਿਆ ਗਿਆ ਹੈ। ਖ਼ਾਲਸੇ ਦੇ ਸਾਹਮਣੇ ਇਸ ਨੇ ਇਕ ਆਦਰਸ਼ ਰਖਿਆ ਅਤੇ ਇਹ ਹੈ (ਖ਼ਾਲਸੇ ਨੂੰ) ਇਕ ਕੌਮੀਅਤ ਦੇ ਸਾਂਚੇ ਵਿਚ ਢਾਲਿਆ। ਅਠਾਰਵੀਂ ਸਦੀ ਦੇ ਅਧ ਵਿਚ ਜਦੋਂ ਮੁਸਲਮਾਨੀ ਰਾਜ ਆਪਣੀ ਭਿਆਨਕ ਤੇ ਅਮਾਵਸ ਦੇ ਅਨੇਰ ਵਾਲੀ ਸੂਰਤ ਵਿਚ ਸੀ ਤੇ ਸਿਖ ਨਜ਼ਰੀਂ ਆਉਂਦੇ ਹੀ ਕਤਲ ਕੀਤੇ ਜਾਂਦੇ ਸਨ ਅਤੇ ਉਨ੍ਹਾਂ ਲਈ ਖਿਮਾਂ ਯਾ ਰਖਿਆ ਉਕੀ ਹੀ ਅਸੰਭਵ ਸੀ। ਤਦੋਂ ਸਰਬ ਲੋਹ ਦੀ ਬਰਕਤ ਨਾਲ ਸਿਖ ਯੋਧਿਆਂ ਵਾਂਗੂ ਰਣ ਮਾਰਦੇ ਅੱਧੀ ਅੱਧੀ ਰਾਤੀਂ ਅੰਮ੍ਰਿਤਸਰ ਅੱਪੜਦੇ, ਸਰੋਵਰ ਵਿਚ ਸ਼ਿਨਾਨ ਕਰਕੇ ਮੁੜ ਵੈਰੀ ਦੇ ਦਲਾਂ ਨੂੰ ਚੀਰ ਕੇ ਸਾਫ ਨਿਕਲ ਜਾਂਦੇ ਸਨ। ਸੈਂਕੜੇ ਸਿਖ ਕਤਲ ਹੋ ਜਾਂਦੇ ਸਨ, ਪਰ ਉਨ੍ਹਾਂ ਵਿਚੋਂ ਕਿਸੇ ਇਕ ਨੇ ਭੀ ਆਪਣੇ ਮਿਟੀ ਦੇ ਨਾਸ਼ਵੰਤ ਸਰੀਰ ਨੂੰ ਸਲਾਮਤ ਰਖਣ ਲਈ ਧਰਮ ਨੂੰ ਤਿਲਾਂਜਲੀ ਨਹੀਂ ਦਿਤੀ ਯਾ ਆਪਣੀ ਆਤਮਾਂ ਨੂੰ ਮਲੀਨ ਨਹੀਂ ਕੀਤਾ।

(ਕਿਤਾਬ ਮੈਂਟਲ ਆਫ ਦੀ ਈਸਟ ਸਫਾ ੧੨੦ –



www.AKJ.Org

- ੨੧ਲੇਖਕ ਐਡਮੈਂਡ ਕੈਂਡਲਰ) ਮਿਸਟਰ ਕੈਂਡਲਰ ਨੂੰ ਇਕ ਫੌਜੀ ਅੰਗਰੇਜ਼ ਅਫਸਰ ਨੇ ਦਸਿਆ ਸੀ :–

If you want to take a position then give me the Rajputs, because they have strong dash, If you want to defend a position then give me the sikh because they have strong back bone.

ਤਰਜਮਾਂ– ਜੇ ਤੁਸੀਂ ਕੋਈ ਮੋਰਚਾ ਲਾਉਣਾ ਚਾਹੁੰਦੇ ਹੋ, ਤਦ ਮੈਨੂੰ ਰਾਜਪੂਤ ਦਿਓ; ਕਿਉਂ ਕਿ ਉਨ੍ਹਾਂ ਦਾ ਹੱਲਾ ਧੜਲੇਦਾਰ ਹੁੰਦਾ ਹੈ। ਜੇ ਤੁਸੀਂ ਕਿਸੇ ਮੋਰਚੇ ਨੂੰ ਬਚਾਉਣਾ ਚਾਹੁੰਦੇ ਹੋ ਤਦ ਮੈਨੂੰ ਸਿਖ ਦਿਓ, ਕਿਉਂਕਿ ਉਹ ਅਹਿਲ ਹਨ ਤੇ ਡਟ ਜਾਂਦੇ ਹਨ।

ਇਹ ਗਲਾਂ ਦਸਦੀਆਂ ਹਨ ਕਿ ਗੁਰੂ ਸਾਹਿਬ ਨੇ ਖਾਲਸਾ ਡੀਫੇਂਸ ਲਈ ਸਾਜਿਆ ਸੀ ਤੇ ਗੁਰੂ ਸਾਹਿਬ ਦਾ ਏਹ ਉਦੇਸ਼ ਹੁਣ ਤਕ ਸਫਲਾ ਹੋ ਰਿਹਾ ਹੈ।

ਗੁਰੂ ਦਸਮ ਪਾਤਸ਼ਾਹ ਨੇ ਅਕਾਲ ਪੁਰਖ ਦੇ ਹੁਕਮ ਨਾਲ ਖਾਲਸਾ ਪੰਥ ਸਾਜਿਆ ਤੇ ਏਸ ਨੂੰ ''ਵਾਹਿਗੁਰੂ ਜੀ ਕਾ ਖਾਲਸਾ ਆਖਿਆ ਤੇ ਸੱਚੇ ਖਾਲਸੇ ਦੀ ਮਹਿਮਾ ਇਉਂ ਬਿਆਨ ਕੀਤੀ ਹੈ:–

ਖ਼ਾਲਸਾ ਅਕਾਲ ਪੁਰਖ ਕੀ ਫੌਜ।
ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ।
(ਸਰਬ ਲੋਹ ਗ੍ਰੰਥ)

ਅਰਥਾਤ ਖ਼ਾਲਸਾ ਅਕਾਲ ਪੁਰਖ ਦੀ ਖ਼ੁਸ਼ੀ ਨਾਲ ਪ੍ਰਗਟ ਹੋਇਆ ਤੇ ਏਹ ਅਕਾਲ ਪੁਰਖ ਦੀ ਫੌਜ ਹੈ। ਗੁਰੂ ਸਾਹਿਬ ਨੇ ਖ਼ਾਲਸੇ ਨੂੰ ਆਪਣਾ ਰੂਪ ਦੇ ਕੇ ਇਉਂ ਵਡਿਆਇਆ ਹੈ :–

ਖ਼ਾਲਸਾ ਮੇਰੋ ਰੂਪ ਹੈ ਖ਼ਾਸ॥
ਖ਼ਾਲਸੇ ਮਹਿ ਹੌਂ ਕਰਉਂ ਨਿਵਾਸ॥
ਖ਼ਾਲਸਾ ਮੇਰੀ ਸੋਭਾ ਸੀਲਾ॥
ਖ਼ਾਲਸਾ ਬੰਧ ਸਖ਼ਾ ਸਦ ਡੀਲਾ॥
ਖ਼ਾਲਸਾ ਮੇਰੋ ਭਵਨ ਭੰਡਾਰਾ॥
ਖ਼ਾਲਸੇ ਕਰ ਮੇਰੋ ਸਤਕਾਰਾ॥
ਖ਼ਾਲਸਾ ਮੇਰੋ ਪਿੰਡ ਪਰਾਨ॥
ਖਾਲਸਾ ਮੇਰੀ ਜਾਨ ਕੀ ਜਾਨ॥
ਹੋ ! ਖ਼ਾਲਸੇ ਕਾ ਖ਼ਾਲਸਾ ਮੇਰੋ॥
ਓਤ ਪੋਤਿ ਸਾਗਰ ਬੂੰਦੇਰੋ॥
ਸੇਵ ਖ਼ਾਲਸੇ ਕੀ ਸ੍ਰਵਨ ਪੂਜ ਅਝਘਪਾਦ॥
ਦਾਨ ਮਾਨ ਸਨਮਾਨ ਕਰ ਖੋੜਸ ਬਿਧਿ ਭੋ ਸਵਾਦ॥
(ਸਰਬ ਲੋਹ ਗ੍ਰੰਥ)

ਸਵਯਾ–ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ,
ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥
ਅਘ ਅਉਘ ਟਰੇ ਇਨ ਹੀ ਕੇ ਪ੍ਰਸਾਦਿ,
ਇਨ ਹੀ ਕ੍ਰਿਪਾ ਫੁਨ ਧਾਮ ਭਰੇ॥
ਇਨ ਹੀ ਕੇ ਪ੍ਰਸਾਦਿ ਸੁ ਵਿਦਿਆ ਲਈ,
ਇਨ ਹੀ ਕੀ ਕ੍ਰਿਪਾ ਸਭ ਸ਼ਤ੍ਰੂ ਮਰੇ॥
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,
ਨਹੀਂ ਮੋ ਸੇ ਗ਼ਰੀਬ ਕਰੋਰ ਪਰੇ॥੨॥
ਸੇਵ ਕਰੀ ਇਨ ਹੀ ਕੀ ਭਾਵਤ,
ਅਉਰ ਕੀ ਸੇਵ ਸੁਹਾਤ ਨ ਜੀ ਕੋ॥
ਦਾਨ ਦੀਯੋ ਇਨ ਹੀ ਕੋ ਭਲੋ,
ਅਰੁ ਆਨ ਕੋ ਦਾਨ ਨ ਲਾਗਤ ਨੀਕੋ॥
ਆਗੈ ਫਲੈ ਇਨ ਹੀ ਕੋ ਦਯੋ,
ਜਗ ਮੈਂ ਜਸੁ ਅਉਰ ਦਯੋ ਸਭ ਫੀਕੋ॥
ਮੋ ਗ੍ਰਿਹਿ ਮੈ ਤਨ ਤੇ ਮਨ ਤੇ,
ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ॥੩॥



www.AKJ.Org

(ਦਸਮ ਗ੍ਰੰਥ)

ਖ਼ਾਲਸਾ ਕੌਣ ਹੈ ਗੁਰੂ ਸਾਹਿਬ ਇਉਂ ਦਸਦੇ ਹਨ :-

ਜਾਗਤ ਜੋਤਿ ਜਪੈ ਨਿਸਬਾਸੁਰ,
ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪਰਤੀਤ ਸਜੈ,
ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ,
ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤਿ ਜਗੈ ਘਟ ਮੈ,
ਤਬ ਖ਼ਾਲਸ ਤਾਹਿ ਨ ਖ਼ਾਲਸ ਜਾਨੈ ॥

(੩੩ ਸਵਯੇ)

# ਬਸੀ ਪਠਾਣਾਂ ਵਿਖੇ ਭਾਰੀ ਸਮਾਗਮ

ਸਰਬਤ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੇਠ ਲਿਖੇ ਪਰੋਗਰਾਮ ਅਨੁਸਾਰ ਦਰਸ਼ਨ ਬਖਸ਼ਨ ਦੀ ਖੇਚਲਾ ਕਰਨ।

## * ਪਰੋਗਰਾਮ *

੧੩-੭-੬੧ ਵੀਰਵਾਰ ਅੰਮ੍ਰਿਤ ਵੇਲੇ ਕੀਰਤਨ ਆਸਾਂ ਜੀ ਦੀ ਵਾਰ। ਉਪਰੰਤ ਅਰੰਭ ਸ੍ਰੀ ਅਖੰਡ ਪਾਠ

੧੫-੭-੬੧ ਛਨੀਚਰਵਾਰ ਭੋਗ ਸ੍ਰੀ ਅਖੰਡ ਪਾਠ ਸਵੇਰੇ ੫ ਵਜੇ ਉਪਰੰਤ ਕੀਰਤਨ ਆਸਾ ਜੀ ਦੀ ਵਾਰ ਚਲੇ ਸੋ ਚਲੇ।

੧੫-੭-੬੧ ਰਾਤ ੯ ਵਜੇ ਅਰੰਭ ਰੈਣ ਸਬਾਈ

੧੬-੭-੬੧ ਸਾਰੀ ਸਮਾਪਤੀ ਸਵੇਰੇ ੯ ਵਜੇ।

ਸਮਾਗਮ ਅਸਥਾਨ ਲਾਲ ਗੁਰਦੁਆਰਾ ਬਸੀ ਪਠਾਣਾਂ (ਪੰਜਾਬ)

ਪਰਾਰਥਕ
ਗਿ: ਅਵਤਾਰ ਸਿੰਘ, ਸੁਰਜੀਤ ਸਿੰਘ
ਮਕਾਨ ਨੰਬਰ ੨/੪੪੧
ਬਸੀ ਪਠਾਣਾਂ (ਪੰਜਾਬ)



www.AKJ.Org

# ਵਿਣੁ ਸਤਿਗੁਰ ਭਗਤਿ ਨ ਹੋਈ ਰਾਮ

( ਭਾ: ਮਨਮੋਹਨ ਸਿੰਘ ਜੀ M. Sc. ਜੈ ਪੁਰ )

ਇਹ ਇਕ ਆਮ ਪ੍ਰਸ਼ਨ ਕੀਤਾ ਜਾਂਦਾ ਹੈ ਕਿ ਅੰਮ੍ਰਿਤ ਛਕ ਕੇ ਗੁਰੂ ਦਸ਼ਮੇਸ਼ ਪਿਤਾ ਜੀ ਦੇ ਸਿੰਘ ਸਜਣ ਦੀ ਕੀ ਲੋੜ ਹੈ ? ਗੁਰਬਾਣੀ ਦਰਸਾਂਦੀ ਹੈ ਕਿ ਨਾਮ ਜਪੋ। ਅਨਦਿਨ ਨਾਮ ਜਪੋ। ਗੁਰਬਾਣੀ ਸਚੀ ਬਾਣੀ ਦਾ ਪਾਠਣ ਜਾਂ ਕੀਰਤਨ ਕਰੋ ਜੋ ਕਿ ਨਾਮ ਜਪਣ ਵਿਚ ਸਹਾਈ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਜੀ ਸਚੇ ਗੁਰਦੇਵ ਹਨ :—

ਬਾਣੀ ਗੁਰੂ, ਗੁਰੂ ਹੈ ਬਾਣੀ,
ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰਬਾਣੀ ਕਹੈ,ਸੇਵਕੁ ਜਨ ਮਾਨੈ,
ਪ੍ਰਤਖਿ ਗੁਰੂ ਨਿਸਤਾਰੇ॥

ਠੀਕ ਬਾਣੀ ਗੁਰੂ ਹੈ ਤੇ ਇਸ ਵਿਚ ਹੀ ਅੰਮ੍ਰਿਤ ਨਾਮ ਹੈ। ਗੁਰਬਾਣੀ ਦੇ ਹੁਕਮਾਂ ਨੂੰ ਮਨਣ ਕਰ ਹੀ ਇਸ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ। ਸੋ ਇਸ ਆਗਿਆ ਅਨੁਸਾਰ ਅਸੀਂ ਗੁਰਬਾਣੀ ਨੂੰ ਪੂਜਦੇ, ਸਤਿਕਾਰਦੇ ਹਾਂ, ਪੜ੍ਹਦੇ ਹਾਂ, ਸੁਣਦੇ ਹਾਂ। ਏਨ ਕਰਨ ਤੇ ਵੀ ਫਿਰ ਅੰਮ੍ਰਿਤ ਛਕ ਕੇ ਸਿੰਘ ਸਜਣਾ ਕਿਉਂ ਜ਼ਰੂਰੀ ਹੈ ?

ਇਹ ਜਾਂ ਇਸ ਨਾਲ ਮਿਲਦੇ ਜੁਲਦੇ ਸਵਾਲ ਚੰਗੇ ਪੜ੍ਹੇ ਲਿਖੇ ਸ਼ਰਧਾਲੂ ਵੀਰਾਂ ਵਲੋਂ ਆਮ ਹੁੰਦੇ ਹਨ ਜੋ ਵੇਖਣ ਚਾਖਣ ਨੂੰ 'ਸਿਖ' ਅਖਵਾਂਦੇ ਹਨ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵੀ ਭਰਦੇ ਹਨ। ਇਸ ਲਈ ਇਸ ਲੇਖ ਵਿਚ ਇਸੇ ਪ੍ਰਸ਼ਨ ਤੇ ਵਿਚਾਰ ਕੀਤੀ ਜਾ ਰਹੀ ਹੈ ਕਿ ਕੀ ਨਾਮ ਜਪਨ ਲਈ ਅੰਮ੍ਰਿਤ ਛਕਣਾ ਜ਼ਰੂਰੀ ਹੈ ਜਾਂ ਨਹੀਂ ?

ਇਹ ਠੀਕ ਹੈ ਕਿ 'ਨਾਨਕ ਕੈ ਘਰਿ ਕੇਵਲ ਨਾਮੁ' ਹੀ ਹੈ। ਇਹ ਗੁਰਸਿਖੀ ਦਾ ਮੂਲ ਹੈ। 'ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ' ਹਨ। ਐਥੋਂ ਤਕ ਕਿ 'ਬਿਨੁ ਨਾਵੈ ਜੀਵਣੁ ਨਾ ਥੀਐ' — ਨਾਮ ਬਿਨਾ ਜੀਵਨ ਹੀ ਬਿਰਥਾ ਹੈ। ਤੇ ਇਹ ਵੀ ਸਪਸ਼ਟ ਪਤਾ ਲਗ ਚੁਕਾ ਹੈ ਕਿ :—

'ਵਾਹਿਗੁਰੂ ਗੁਰ ਮੰਤ੍ਰ ਹੈ, ਜਪ ਹਉਮੈ ਖੋਈ।'
(ਭਾ: ਗੁਰਦਾਸ ਜੀ)

ਸੋ ਗੁਰਮਤਿ ਵਿਚ ਨਾਮ ਕੇਹੜਾ ਹੈ, ਇਹ ਕੋਈ ਲੁਕੀ ਛਿਪੀ ਗਲ ਨਹੀਂ ਸੋ 'ਨਾਮ' ਜਾਂ 'ਗੁਰਮੰਤ੍ਰ' ਦਾ ਪਤਾ ਹੋਣ ਕਰਕੇ, ਹਰ ਸਿਖ ਦਾ ਫ਼ਰਜ਼ ਹੈ ਕਿ ਉਹ ਨਾਮ ਜਪੀ ਜਾਵੇ। ਉਪ੍ਰਲੀ ਦ੍ਰਿਸ਼ਟੀ ਨਾਲ ਇਹ ਦਲੀਲ ਠੀਕ ਭਾਸਦੀ ਹੈ ਕਿ ਬਸ ਨਾਮ ਜਪੀ ਜਾਉ, ਹੋਰ ਕਿਸੇ ਮਰਯਾਦਾ ਵਿਚ ਆਪਣੇ ਆਪ ਨੂੰ ਬੰਨ੍ਹਣ ਦੀ ਕੀ ਲੋੜ ਹੈ। ਪਰ ਕਿਸੇ ਗੁਰਬਾਣੀ ਦੀ ਖੋਜ ਕਰਨ



www.AKJ.Org

ਨਾਲ ਇਹ ਦਲੀਲ ਓਨੀ ਛੇਤੀ ਹੀ ਰੱਦ ਹੋ ਜਾਂਦੀ ਹੈ ਜਿੰਨੀ ਛੇਤੀ ਕਿ ਇਹ ਵਜ਼ਨਦਾਰ ਭਾਸੀ ਸੀ। ਠੀਕ ਹੁਕਮ ਹੈ ਕਿ ਨਾਮ ਜਪੋ। ਪਰ ਨਾਮ ਦਾ ਪਤਾ ਹੋਣ ਤੇ ਵੀ ਨਾਮ ਜਪਣਾ ਮਨੁਖ ਦੇ ਵਸ ਦੀ ਖੇਡ ਨਹੀਂ। ਇਹ ਕੋਈ ਆਮ ਦੁਨੀਆਵੀ ਵਿਦਿਆ ਨਹੀਂ ਜਿਹੜੀ ਪੁਸਤਕਾਂ ਵਿਚੋਂ ਪੜ੍ਹ ਕੇ ਉਸਤਾਦ ਤੋਂ ਬਿਨਾਂ ਵੀ ਹਾਸਲ ਕੀਤੀ ਜਾ ਸਕਦੀ ਹੋਵੇ। ਆਤਮ ਖੇਤ੍ਰ ਵਿਚ ਇਹ ਹਾਲ ਅਸੰਭਵ ਹੈ।

ਪ੍ਰਮਾਰਥ ਵਿਚ ਗੁਰੂ ਦੀ ਖਾਸ ਵਿਸ਼ੇਸ਼ਤਾ ਹੈ। ਉਹ ਸਿਰਫ਼ ਉਸਤਾਦ ਹੀ ਨਹੀਂ, ਉਹ ਹਨੇਰੇ ਮਨਾਂ ਵਿਚ ਚਾਨਣਾ ਕਰਨ ਵਾਲਾ ਤੇ ਅਜੂਨੀ ਸੈਭੰ ਪਾਰ-ਬ੍ਰਹਮ ਨਾਲ ਖੁਦ ਇਕ ਮਿਤ੍ਰ ਹੋਣ ਕਰਕੇ, ਉਸ ਤਕ ਰਸਾਈ ਕਰਾਉਣ ਦੀ ਸਮਰਥਾ ਰਖਦਾ ਹੈ। ਗੁਰਬਾਣੀ ਵਿਚ ਜਿਥੇ ਨਾਮ ਜਪਣ ਦੀ ਪ੍ਰਧਾਨਤਾ ਪ੍ਰਗਟਾਈ ਹੈ, ਉਥੇ ਇਹ ਵੀ ਸਪਸ਼ਟ ਦਰਸਾਇਆ ਹੈ ਕਿ ਆਪ ਹੁਦਰਾ ਕੋਈ ਪ੍ਰਾਣੀ ਨਾਮ ਜਪਕੇ ਉਸ ਦੇ ਫਲ ਦੀ ਪ੍ਰਾਪਤੀ ਨਹੀਂ ਕਰ ਸਕਦਾ। ਨਾਮ ਜਪਨ ਲਈ ਪਹਿਲੋਂ ਸਤਿਗੁਰੂ ਪਾਸੋਂ ਨਾਮ ਦੀ ਪ੍ਰਾਪਤੀ ਹੋਣੀ ਲਾਜ਼ਮੀ ਹੈ ਸਚਾ ਗੁਰੂ ਧਾਰਨ ਕੀਤੇ ਤੋਂ ਬਿਨਾ ਨਾਮ ਦੀ ਪ੍ਰਾਪਤੀ ਹੀ ਨਹੀਂ ਹੋ ਸਕਦੀ, ਤਾਂ ਨਾਮ ਜਪਿਆ ਕਿਵੇਂ ਜਾ ਸਕਦਾ ਹੈ। ਜਿਹਾ ਕਿ :–

ਬਿਨੁ ਗੁਰ ਮਹਲੁ ਨਾ ਪਾਈਐ,ਨਾਮੁ ਨ ਪ੍ਰਾਪਤਿ ਹੋਇ।
ਐਸਾ ਸਤਿਗੁਰੁ ਲੋੜਿ ਲਹੁ,ਜਿਦੂ ਪਾਈਐ ਸਚੁ ਸੋਇ।

ਕਿਨਾ ਸਪਸ਼ਟ ਦਰਸਾਇਆ ਹੈ ਇਸ ਗੁਰਵਾਕ ਨੇ ਕਿ ਸਤਿਗੁਰੂ ਤੋਂ ਬਿਨਾਂ ਨਾਮ ਦੀ ਪ੍ਰਾਪਤੀ ਕਦਾਚਿਤ ਨਹੀਂ ਹੋ ਸਕਦੀ। ਇਸ ਲਈ ਐ ਜਗਿਆਸੂ! ਐਸੇ ਸਚੇ ਗੁਰੂ ਦੀ ਭਾਲ ਕਰਕੇ ਉਸਦੀ ਸ਼ਰਨ ਆ ਜਾ ਤਾਕਿ ਤੈਨੂੰ ਸੱਚ (ਨਾਮ) ਦੀ ਪਰਾਪਤੀ ਹੋ ਸਕੇ।

ਤਥਾ–

ਸੁਣਿ ਮਨ ਮੇਰੇ, ਭਜੁ ਸਤਿਗੁਰ ਸਰਣਾ।
ਗੁਰ ਪ੍ਰਸਾਦੀ ਛੁਟੀਐ, ਬਿਖੁ ਭਵਜਲੁ।
ਸਬਦਿ ਗੁਰ ਤਰਣਾ।

ਐ ਜਗਿਆਸੂ, ਸੱਚ ਦੇ ਮੁਤਲਾਸ਼ੀ ਮਨ! ਤੂੰ ਸਤਿਗੁਰੂ ਦੀ ਸ਼ਰਣੀ ਜਾ ਕਿਉਂਕਿ ਸਤਿਗੁਰੂ ਦੀ ਕਿਰਪਾ ਨਾਲ ਗੁਰ ਸ਼ਬਦ (ਨਾਮ) ਦੀ ਪਰਾਪਤੀ ਹੋਵੇਗੀ ਜਿਸਦੇ ਸਿਮਰਣ ਨਾਲ ਤੂੰ ਭਵਜਲ ਸੰਸਾਰ ਨੂੰ ਤਰ ਸਕੇਂਗਾ।

ਤਥਾ–

ਨਾਮੁ ਅਮੋਲਕੁ ਰਤਨੁ ਹੈ, ਪੂਰੇ ਸਤਿਗੁਰ ਪਾਸਿ।
ਸਤਿਗੁਰ ਸੇਵੈ ਲਗਿਆ, ਕਢਿ ਰਤਨੁ ਦੇਵੈ ਪ੍ਰਗਾਸਿ॥
ਧੰਨੁ ਵਡਭਾਗੀ ਵਡ ਭਾਗੀਆ ਜੋ ਆਇ ਮਿਲੇ ਗੁਰੁ ਪਾਸਿ॥

ਸੋ ਏਸ ਤਰਾਂ ਅਨੇਕਾਂ ਮਹਾਂਵਾਕ, ਗੁਰ ਹੁਕਮ ਗੁਰਬਾਣੀ ਵਿਚੋਂ ਮਿਲਦੇ ਹਨ ਜੋ ਇਹ ਸਪਸ਼ਟਾਂ-ਉਦੇ ਹਨ, ਕਿ ਨਾਮ ਦੀ ਪਰਾਪਤੀ ਜਾਂ ਉਸਦਾ ਸਿਮਰਣ, ਸਤਿਗੁਰੂ ਦੀ ਕਿਰਪਾ ਬਿਨਾਂ ਨਹੀਂ ਹੋ ਸਕਦਾ।

ਹੁਣ ਏਸ ਦਲੀਲ ਵਲ ਵੇਖਣਾ ਹੈ ਕਿ ਠੀਕ ਹੈ, ਨਾਮ ਸਤਿਗੁਰੂ ਪਾਸੋਂ ਮਿਲਦਾ ਹੈ। ਪਰ ਸਾਨੂੰ ਹੁਕਮ ਹੈ ਕਿ 'ਗੁਰੂ ਮਾਨਯੋ ਗ੍ਰੰਥ'। ਸੋ ਅਸੀਂ ਮਨੋ ਤਨੋ ਗੁਰੂ ਗਰੰਥ ਸਾਹਿਬ ਜੀ ਨੂੰ ਗੁਰੂ ਮੰਨਦੇ ਹਾਂ ਪੂਜਦੇ ਹਾਂ ਸਤਿਕਾਰਦੇ ਹਾਂ ਗੁਰਬਾਣੀ ਵਿਚ ਦਰਸਾਏ ਉਪਦੇਸ਼ਾਂ ਨੂੰ ਕਮਾਉਣ ਦਾ ਵਿਤ ਅਨੁਸਾਰ ਯਤਨ ਕਰਦੇ ਹਾਂ। ਸੋ ਅਸੀਂ ਕੋਈ ਨਿਗੁਰੇ ਨਹੀਂ।

ਦਸਮੇਸ਼ ਜੀ ਦੇ ਹੁਕਮ ਅਨੁਸਾਰ ਅਸੀਂ ਬਾਣੀ ਗੁਰੂ ਕਰਕੇ ਮਨਦੇ ਹਾਂ। ਐਨਾ ਵਿਸ਼ਵਾਸ਼ ਹੋਣ ਤੇ ਵੀ ਖੰਡੇ ਦੀ ਪਾਹੁਲ ਜਾਂ ਅੰਮ੍ਰਿਤ ਛਕਣਾ ਕੀ ਜ਼ਰੂਰੀ ਹੈ? ਕੀ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਓਟ ਲੈ ਕੇ ਨਾਮ ਨਹੀਂ ਜਪ ਸਕਦੇ।

ਆਦਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਪਹਿਲਾਂ ਪੰਚਮ ਗੁਰੂ ਨਾਨਕ ਸ੍ਰੀ ਗੁਰੂ ਅਰਜਨ ਦੇਵ



www.AKJ.Org

ਜੀ ਮਹਾਰਾਜ ਨੇ ਬੰਨ੍ਹੀ। ਸ੍ਰੀ ਹਰਮੰਦਰ ਸਾਹਿਬ ਵਿਚ ਪਰਕਾਸ਼ ਉਦੋਂ ਤੋਂ ਹੀ ਹੋਣਾ ਸ਼ੁਰੂ ਹੋ ਗਿਆ ਸੀ। ਪਰ ਦਸਮ ਪਾਤਸ਼ਾਹ ਤਕ ਨਾਮ ਦੀ ਪਰਾਪਤੀ ਸ੍ਰੀ ਗੁਰੂ ਸਾਹਿਬਾਨ ਖੁਦ ਆਪ, ਚਰਨ ਅੰਮ੍ਰਿਤ ਦੇ ਰੂਪ ਵਿਚ ਦੇਂਦੇ ਰਹੇ। ਨਿਰਾ ਗੁਰਬਾਣੀ ਨੂੰ ਪਠਣ ਤੇ ਕੀਰਤਨਾਉਣ ਨਾਲ ਨਾਮ ਦੀ ਪਰਾਪਤੀ ਨਹੀਂ ਹੋ ਸਕਦੀ।

'ਨਾਮ' ਸਤਿਗੁਰੂ ਜੀ ਆਪ ਜਗਿਆਸੂ ਆਤਮਾ ਨੂੰ ਆਪਣਾ ਸਿਖ ਬਨਾਉਣ ਸਮੇਂ ਬਖਸ਼ਦੇ ਹਨ। ਨਾਮ ਦਾ ਦਾਤਾ ਸਤਿਗੁਰੂ ਖੁਦ ਨਾਮ 'ਦ੍ਰਿੜਾਉਂਦਾ' ਹੈ, ਨਾਮ ਜਪਣ ਦੀ ਗੁਰਮਤਿ ਵਿਧੀ ਦ੍ਰਿੜ ਕਰਾਉਂਦਾ ਹੈ, ਤਾਂ ਫਿਰ ਉਹ ਸਿਖ ਨਾਮ ਜਪ ਕੇ, ਰੱਸ ਲੈ ਸਕਦਾ ਤੇ ਪਰਮ ਪਦ ਦੀ ਪਰਾਪਤੀ ਕਰ ਸਕਦਾ ਹੈ।

'ਨਾਮ' ਲੈਣ ਦਾ ਭਾਵ ਨਿਰਾ ਨਾਮ ਸੁਣਕੇ, ਨਾਮ ਦਾ ਜਾਣ ਲੈਣਾ ਨਹੀਂ ਕਿ,

## ਗੁਰਮਤਿ ਵਿਚ ਨਾਮ ਕੀ ਹੈ?

ਸਤਿਗੁਰੂ ਕੋਲੋਂ ਨਾਮ ਲੈਣ ਦਾ ਭਾਵ ਹੈ ਕਿ ਸਤਿਗੁਰੂ ਜੀ ਨਾਮ ਨੂੰ ਦ੍ਰਿੜਾ ਦੇਣ, ਐਸਾ ਦ੍ਰਿੜਾਉਣ ਕਿ ਨਾਮ ਨਾਲ ਪਰਚਾ ਪੈ ਜਾਏ। ਇਸੇ ਵਾਸਤੇ ਗੁਰਬਾਣੀ ਵਿਚ ਸਚੇ ਸਤਿਗੁਰੂ ਅਗੇ ਬੇਨਤੀ ਰੂਪੀ ਗੁਰਵਾਕ ਮਿਲਦੇ ਹਨ :-

ਬਿਨੁ ਨਾਵੈ ਜੀਵਣੁ ਨਾ ਥੀਐ,
**ਮੇਰ ਸਤਿਗੁਰ ਨਾਮੁ ਦ੍ਰਿੜਾਇ**

ਤਥਾ-

ਤ੍ਰਹਿ ਤ੍ਰਾਹਿ ਸਰਨਿ ਪ੍ਰਭ ਆਏ,
**ਮੋ ਕਉ ਗੁਰਮਤਿ ਨਾਮੁ ਦ੍ਰਿੜੀਜੈ**

ਤਥਾ-

ਸਤਿਗੁਰ ਦਾਤੈ,
**ਨਾਮੁ ਦ੍ਰਿੜਾਇਆ।**

ਵਡਿਭਾਗੀ ਗੁਰਦਰਸਨੁ ਪਾਇਆ ॥

ਸੋ ਨਿਰਾ ਆਪਣੇ ਆਪ ਕਹਿਣ ਕਹਾਉਣ ਨਾਲ ਹੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ, ਗੁਰੂ ਨਹੀਂ ਮਨਿਆਂ ਜਾ ਸਕਦਾ। ਇਸ ਖਿਆਲ ਤੇ ਗਲਤ ਫ਼ਹਿਮੀ ਵਿਚ ਪਏ ਪਰਾਣੀਆਂ ਲਈ ਹੇਠ ਲਿਖਿਆ ਮਹਾਂਵਾਕ ਬੜਾ ਢੁਕਵਾਂ ਹੈ :-

ਜਿਨੁ ਭਾਗਾ ਸਤਿਗੁਰੁ ਨਾ ਮਿਲੈ,
**ਘਰਿ ਬੈਠਿਆ ਨਿਕਟਿ ਨਿਤ ਪਾਸਿ ॥**
ਅੰਤਰਿ ਅਗਿਆਨ ਦੁਖੁ ਭਰਮੁ ਹੈ,
ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ,
**ਮਨਮੁਖ ਲੋਹੁ ਬੂਡਾ ਬੇੜੀ ਪਾਸਿ ॥**

ਘਰ ਵਿਚ ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਰਕਾਸ਼ ਹੈ। ਪਰ 'ਘਰਿ ਬੈਠਿਆ ਨਿਕਟਿ ਨਿਤ ਪਾਸਿ' ਹੋਣ ਦੇ ਬਾਵਜੂਦ, ਇਸ ਅਗਿਆਨਤਾ ਦਾ ਪੜਦਾ ਮਨ ਤੇ ਪਿਆ ਹੈ ਕਿ ਗੁਰੂ ਧਾਰਨ ਦੀ ਲੋੜ ਨਹੀਂ। ਉਹ ਮਨਮੁਖ ਲੋਹਾ ਬੇੜੀ ਦੇ ਨਿਕਟ ਹੁੰਦਿਆਂ ਹੋਇਆ ਵੀ ਇਸੇ ਭਰਮ ਵਿਚ ਭਰਮਾਂਦਿਆਂ ਡੁਬ ਰਹੇ ਹਨ।

ਪੰਚਮ ਪਾਤਸ਼ਾਹ ਜੀ ਤੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਰਕਾਸ਼ ਤੇ ਸਤਿਕਾਰ ਹੋ ਰਿਹਾ ਹੈ। ਉਦੋਂ ਇਸ ਪਾਵਨ ਬੀੜ ਨੂੰ 'ਗੁਰੂ' ਗਰੰਥ ਸਾਹਿਬ ਨਹੀਂ, ਨਿਰਾ ਗਰੰਥ ਸਾਹਿਬ ਜਾਂ ਪੋਥੀ ਸਾਹਿਬ ਕਹਿਕੇ ਸਨਮਾਨਿਆ ਜਾਂਦਾ ਸੀ।

ਦਸਮੇਸ਼ ਪਿਤਾ ਜੀ ਨੇ ੧੬੯੯ ਈਸਵੀ ਦੀ ਵੈਸਾਖੀ ਵਾਲੇ ਦਿਨ, ਪੰਜ ਪਿਆਰੇ ਸਾਜ ਕੇ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਤਾਬਿਆ ਉਹਨਾਂ ਨੂੰ ਗੁਰੂ ਦਾ ਨਾਮ ਦ੍ਰਿੜਾਉਣ ਵਾਲਾ ਮਹਾਨ ਉਤਮ ਕਾਰਜ ਖੁਦ ਆਪ ਸੌਂਪਿਆ, ਅੰਤ ਹਜ਼ੂਰ ਸਾਹਿਬ ਨਾਦੇੜ ਵਿਖੇ ਜਦ ਆਪ ਦੀ ਜੋਤ,



www.AKJ.Org

ਆਦਿ ਜੋਤ ਨਾਲ ਮਿਲਣ ਲਗੀ ਤਾਂ ਅਟਲ ਹੁਕਮ ਦੇ ਦਿਤਾ ਕਿ ਅਗੋਂ ਤੋਂ ਕੋਈ ਇਕਲਾ ਦੇਹ ਧਾਰੀ, ਗੁਰੂ ਨਹੀਂ ਹੋਵੇਗਾ ਤੇ 'ਪੰਜਾਂ ਪਿਆਰਿਆਂ' ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਾਰੇ ਕਾਰਜ ਕਰਨ ਦੇ ਅਧਿਕਾਰ ਜੋ ਪਹਿਲਾਂ ਦਿਤੇ ਗਏ ਸਨ, ਉਹ ਪਕੀ ਤਰਾਂ ਦ੍ਰਿੜ ਕਰਵਾ ਦਿਤੇ ਗਏ। ਸੋ ਜਿਸ ਗੁਰੂ ਸਾਹਿਬ ਜੀ ਦੇ ਹੁਕਮ ਨਾਲ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਦੇ ਹਾਂ, ਉਨ੍ਹਾਂ ਦੇ ਹੁਕਮ ਨਾਲ ਹੀ, ਗੁਰੂ ਕਾ ਸਿਖ ਸਜਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ, 'ਪੰਚ ਪਰਵਾਨ' ਪਿਆਰਿਆਂ ਕੋਲੋਂ ਅੰਮ੍ਰਿਤ ਛਕ ਕੇ ਨਾਮ ਦੀ ਪ੍ਰਾਪਤੀ ਤੇ ਦ੍ਰਿੜਤਾ ਹਾਸਲ ਕਰਨੀ ਜ਼ਰੂਰੀ ਹੈ ਅਤੇ ਇਸਤੋਂ ਬਿਨਾ ਨਾਮ ਜਪਿਆ ਪੂਰਨ ਫੁਲ ਦਾਇਕ ਕਦਾਚਿਤ ਨਹੀਂ ਹੋ ਸਕਦਾ। ਏਸ ਮਰਯਾਦਾ ਅਨੁਸਾਰ ਖੰਡੇ ਦੀ ਪਾਹੁਲ ਛਕੇ ਬਿਨਾਂ ਕੋਈ ਵੀ ਸਗੁਰਾ ਨਹੀਂ ਹੋ ਸਕਦਾ। ਆਪਣੇ ਆਪ ਨੂੰ ਸਿਖ ਵੀ ਨਹੀਂ ਅਖਵਾ ਸਕਦਾ ਉਹ ਨਿਗੁਹਾ ਹੈ ਤੇ 'ਨਿਗੁਰੇ ਕਾ ਹੈ ਨਾਉ ਬੁਰਾ'। ਜਿਸ ਪ੍ਰਾਣੀ ਦਾ ਨਿਗੁਰਾ ਹੋਣ ਕਰਕੇ ਨਾਉ ਲੈਣਾ ਭੀ ਬੁਰਾ ਹੈ, ਉਹ ਆਪ ਹੁਦਰੇ 'ਨਾਮ' ਜਪਨ ਸਿਮਰਨ ਕਰਨ ਦੀ ਸਮਰਥਾ ਕਿਵੇਂ ਰਖ ਸਕਦਾ ਹੈ, ਨਿਗੁਰੇ ਸੰਬੰਧੀ ਤਾਂ ਭਾਈ ਸਾਹਿਬ ਭਾਇ ਨੰਦ ਲਾਲ ਸਿੰਘ ਜੀ ਦਾ ਫੁਰਮਾਨ ਹੈ:-

ਨਾਮੇ ਬੇਮੁਰਸ਼ਿਦ, ਮਿ ਆਵਰ ਬਰ ਜ਼ੁਬਾਂ।
ਮੁਰਸ਼ਦੇ ਕਾਮਲ ਦਿਹਦ ਅਜ਼ ਹਕ ਨਿਸ਼ਾਂ।

ਭਾਵ: ਬੇ ਮੁਰਸ਼ਿਦ ਜਾਂ ਨਿਗੁਰੇ ਪ੍ਰਾਣੀ ਦਾ ਨਾਮ ਭੀ ਅਪਣੀ ਰਸਨਾ ਤੇ ਨਾ ਲਿਆ। ਸਜਾ ਸਤਿਗੁਰੂ ਹੀ ਰਬ ਦਾ ਨਿਸ਼ਾਨ ਦਸਦਾ ਹੈ ਜਾਂ ਰਬ ਤਕ ਰਸਾਈ ਕਰਵਾਉਂਦਾ ਹੈ।

ਬਿਨਾਂ ਗੁਰੂ ਧਾਰਨ ਕੀਤੇ ਦੇ ਆਪ ਹੁਦਰੇ ਨਾਮ ਜਪਿਆ ਫੁਲਦਾਇਕ ਨਹੀਂ ਹੋ ਸਕਦਾ ਇਸੇ ਲਈ ਤਾਂ ਹੁਕਮ ਹੈ:-

ਰਾਮ ਰਾਮ ਸਭ-ਕੋ ਕਹੈ, ਕਹਿਐ ਰਾਮੁ ਨ ਹੋਇ।
ਗੁਰ ਪਰਸਾਦੀ ਰਾਮੁ ਮਨਿ ਵਸੈ, ਤਾ ਫ਼ਲੁ ਪਾਵੈ ਕੋਇ॥
(ਗੂਜਰੀ ਮ: ੩)

ਸੋ ਸਪਸ਼ਟ ਹੈ ਕਿ ਸਚਾ ਗੁਰੂ ਧਾਰਨ ਕੀਤੇ ਬਿਨਾਂ ਐਵੇਂ ਆਪ ਹੁਦਰੇ ਨਾਮ ਜਪਣ ਨਾਲ ਨਾਮ ਨਹੀਂ ਜਪਿਆ ਜਾ ਸਕਦਾ ਜਦ ਤਾਈਂ ਸਤਿਗੁਰੂ ਜੀ ਕਿਰਪਾ ਕਰਕੇ ਨਾਮ ਨੂੰ ਮਨ ਵਿਚ ਨਾ ਵਸਾ ਦੇਣ। ਇਹੋ ਹੀ 'ਰਾਮ ਕਹਨ ਮਹਿ ਭੇਦ ਹੈ।'

ਸੋ ਪੂਰੇ ਤੇ ਸਚੇ ਗੁਰੂ ਨੂੰ ਧਾਰਨ ਕੀਤੇ ਬਿਨਾਂ ਉਹਨਾਂ ਦੀ ਕਿਰਪਾ ਦ੍ਰਿਸ਼ਟੀ ਨਾਲ ਨਾਮ ਦ੍ਰਿੜਾਏ ਬਿਨਾਂ ਨਾਮ ਸਿਮਰਣ ਨਹੀਂ ਹੋ ਸਕਦਾ ਪੂਰਾ ਸਤਿ-ਗੁਰੂ ਕੇਵਲ ਗੁਰੂ ਨਾਨਕ ਨਿਰੰਕਾਰੀ ਤੇ ਉਹਨਾਂ ਦੀਆਂ ਦਸ ਜੋਤਾਂ ਹਨ ਤੇ ਹੁਣ ਉਹੀ ਜੋਤ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਪਰਵੇਸ਼ ਹੈ। ਸੋ ਸ੍ਰੀ ਗੁਰੂ ਨਾਨਕ-ਦਸਮੇਸ਼ ਜੀ ਦੀ ਜਾਗਦੀ ਜੋਤ ਸ੍ਰੀ ਗੁਰੂ ਗਰੰਥ ਸਾਹਿਬ ਜੀ ਹੀ ਹੁਣ ਸਚੇ ਗੁਰੂ ਹਨ।

ਉਹਨਾਂ ਦੀ ਹਜ਼ੂਰੀ ਵਿਚ 'ਪੰਚ ਪਰਵਾਨ'-ਗੁਰੂ ਖਾਲਸਾ ਦੇ ਰੂਪ ਵਿਚ, ਦਸ਼ਮੇਸ਼ ਪਿਤਾ ਦੀ ਦੇ ਅਟਲ ਹੁਕਮ ਅਨੁਸਾਰ, ਖੰਡੇ ਦੀ ਪਾਹੁਲ ਰਾਹੀਂ 'ਨਾਮ ਦ੍ਰਿੜ੍ਹਾਉਣ' ਦੇ ਅਧਿਕਾਰੀ ਹਨ। ਇਸ ਅਬਦੀ ਤੇ ਅਟਲ ਮਰਯਾਦਾ ਤੋਂ ਬਿਨਾਂ ਕੋਈ ਪ੍ਰਾਣੀ ਗੁਰਮਤਿ ਨਾਮ ਦੀ ਪਰਾਪਤੀ ਨਹੀਂ ਕਰ ਸਕਦਾ, ਉਸ ਤੋਂ ਸਿਮਰਣ ਜਾਂ ਭਗਤੀ ਤਾਂ ਕੀ ਹੋਣੀ ਹੈ। ਇਹੋ ਇਕ ਭੇਦ ਹੈ ਜਿਸ ਨੂੰ ਨਾ ਸਮਝਣ ਕਰਕੇ ਲੁਕਾਈ ਔਝੜੇ ਪਈ ਹੋਈ ਭੰਬਲ ਭੂਸੇ ਖਾ ਰਹੀ ਹੈ। ਉਹਨਾਂ ਸਬੰਧੀ ਹੀ ਇਹ ਮਹਾਂਵਾਕ ਹੈ।

ਮਨ ਮੁਖ ਭਗਤਿ ਕਰਹਿ ਬਿਨੁ ਸਤਿਗੁਰ,
ਵਿਣੁ ਸਤਿਗੁਰ ਭਗਤਿ ਨ ਹੋਈ ਰਾਮ।
ਹਉਮੈ ਮਾਇਆ ਰੋਗਿ ਵਿਆਪੇ,
ਮਰਿ ਜਨਮਹਿ ਦੁਖੁ ਹੋਈ ਰਾਮ।



www.AKJ.Org

# ਬਾਬਾ ਜੱਸਾ ਸਿੰਘ ਗੁਰਮਤਿ ਕਾਲਜ ਪਟਿਆਲਾ

(ਵਲੋਂ : ਪ੍ਰਬੰਧਕ ਬੋਰਡ, ਗੁਰਮਤਿ ਕਾਲਜ, ਪਟਿਆਲਾ)

ਪੰਜਾਬੀ ਸਾਹਿਤ ਦਾ ਵਿਸ਼ੇਸ਼ ਬਲਕਿ ਸੰਗਠਿਤ ਰੂਪ ਵਿਚ ਇਕ ਸਭ ਤੋਂ ਵੱਡਾ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਜਿਸ ਦੇ ਅਧਿਐਨ ਤੇ ਖੋਜ ਤੋਂ ਬਿਨਾਂ ਪੰਜਾਬੀ ਪੂਰਨਤਾ ਪਰਾਪਤ ਨਹੀਂ ਕਰ ਸਕਦੀ ਇਸ ਗੱਲ ਨੂੰ ਮੁਖ ਰਖਦੇ ਹੋਏ ਪੰਜਾਬੀ ਯੂਨੀਵਰਸਿਟੀ ਅੰਦਰ ਸ੍ਰੀ ਗੁਰੂ ਗਰੰਥ ਸਾਹਿਬ ਚੇਅਰ ਦੀ ਸਥਾਪਨਾ ੧੯੬੪ ਵਿਚ ਕੀਤੀ ਗਈ।

ਪਰੰਤੂ ਗੁਰੂ ਗਰੰਥ ਸਾਹਿਬ ਚੇਅਰ ਦੇ ਸਥਾਪੇ ਜਾਣ ਹੇ ਭੀ ਇਕ ਹੋਰ ਮਹਾਨ ਸਾਹਿਤ, ਖੋਜ ਤੇ ਅਧਿਐਨ ਤੋਂ ਬਾਹਰ ਰਹਿ ਜਾਂਦਾ ਸੀ। ਉਹ ਸ੍ਰੀ ਗੁਰੂ ਗੋਬਿਦ ਸਿੰਘ ਜੀ ਦਾ ਦਸਮ ਗ੍ਰੰਥ ਅਤੇ ਹੋਰ ਸਮਕਾਲੀ ਰਚਨਾਵਾਂ, ਜਿਸ ਲਈ ੧੯੬੬ ਵਿਚ ਗੁਰੂ ਗੋਬਿੰਦ ਸਿੰਘ ਚੇਅਰ ਨਾਮ ਦੀ ਸਥਾਪਨਾ ਕਰਕੇ ਯੂਨੀਵਰਸਿਟੀ ਨੇ ਇਸ ਥੁੜ ਨੂੰ ਪੂਰਾ ਕਰ ਦਿੱਤਾ। 'ਗੁਰੂ ਗੋਬਿੰਦ ਸਿੰਘ ਚੇਅਰ' ਦੇ ਅਧੀਨ ਪੰਜ ਉਘੇ ਵਿਸ਼ਵ-ਧਰਮਾਂ ਅਥਵਾ ਹਿੰਦੂ ਧਰਮ, ਇਸਲਾਮ, ਈਸਾਈਅਤ, ਬੁਧਮਤ ਤੇ ਸਿਖ ਧਰਮ ਦੇ ਅਧਿਐਨ ਤੇ ਖੋਜ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਤਰ੍ਹਾਂ ਨਾਲ ਸਤਾਰ੍ਹਵੀਂ ਸਦੀ ਦਾ ਪਟਨਵਾਲਾ ਥੇਹ ਗੁਰੂ ਤੇਗ ਬਹਾਦਰ ਦੇ ਚਰਨਾਂ ਦੀ ਛੋਹ ਅਤੇ ਗੁਰੂ ਹਰਿ ਰਾਇ ਸਾਹਿਬ ਦੀ ਭਾਈ ਫੂਲ ਪ੍ਰਤੀ ਕੀਤੀ ਬਖਸ਼ਿਸ਼ ਦਾ ਸਦਕਾ ਅਜ ਵਿਸ਼ਵ-ਧਰਮਾਂ ਦਾ ਪ੍ਰਸਿਧ ਖੋਜ ਕੇਂਦਰ ਬਣ ਚੁਕਾ ਹੈ। ਇਸ ਦੀ ਮਹੱਤਵ ਪੂਰਣ ਸਥਿਤੀ ਤੋਂ ਲਾਭ ਲੈਣਾ ਸਾਡਾ ਅਜ ਦੇ ਸਾਹਿਤਕ ਅਤੇ ਧਾਰਮਕ ਵਿਚਾਰ ਧਾਰਾ ਦੇ ਪ੍ਰੇਮੀਆਂ ਦਾ ਫ਼ਰਜ਼ ਹੋ ਜਾਂਦਾ ਹੈ।

ਸਿਖ ਧਰਮ ਕੇਵਲ ਇਸ ਇਕੋ ਨੁਕਤੇ ਤੋਂ ਵਿਸ਼ਵ -ਧਰਮ ਹੋਣ ਦਾ ਦਰਜਾ ਲੈ ਲੈਂਦਾ ਹੈ ਕਿ ਇਸ ਦੀ ਟੇਕ ਸਾਂਝੀਵਾਲਤਾ ਤੇ ਹੈ। ਇਹ ਕੇਵਲ ਉਸ,ਇਕ' ਦਾ ਉਪਾਸ਼ਕ ਹੈ ਜੋ ਸਾਰਿਆਂ ਦਾ ਸਾਂਝਾ ਹੈ: 'ਤੂੰ ਸਾਂਝਾ ਸਾਹਿਬ ਬਾਪੁ ਹਮਾਰਾ'। ਫਿਰ ਕਿਉਂਕਿ ਇਸ ਦਾ ਵਿਸ਼ਵਾਸ਼ ਹੈ ਕਿ ਸਾਰੇ ਵਿਸ਼ਵ ਦਾ ਇਕੋ ਬਾਪ ਹੈ ਇਸ ਲਈ ਇਹ ਸਾਰੇ ਵਿਸ਼ਵ ਨੂੰ ਉਸ ਇਕੋ ਬਾਪ ਦੇ ਸਮੁਤੇ ਵਿਰਸੇ ਦਾ ਹਕਦਾਰ ਜਾਣਦਾ ਹੈ: 'ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ, ਜਦੋਂ ਮਨੁਖ ਦੇ ਅੰਦਰ ਇਹ ਦ੍ਰਿੜ ਹੋ ਗਿਆ ਕਿ ਹੋਰ ਸਾਰੇ ਲੋਕ ਬਾਪ ਦੇ ਵਿਰਸੇ ਦੇ ਓਨੇ ਹੀ ਹਕਦਾਰ ਹਨ ਜਿਨ੍ਹਾਂ ਮੈਂ ਹਾਂ ਤਾਂ ਦੂਜਿਆਂ ਨਾਲ ਕਿਸੇ ਪ੍ਰਕਾਰ ਦੀ ਈਰਖਾ, ਸਾੜਾ, ਬਿਗਾਨਾਪਨ ਜਾਂ ਵੈਰ ਵਿਰੋਧ ਸੰਭਵ ਹੀ ਨਹੀਂ ਬਲਕਿ ਦੂਆਪਨ ਹੀ ਮੁਕ



www.AKJ.Org

ਗਿਆ, ਫਿਰ :

'ਨਾ ਕੋ ਬੈਰੀ ਨਾਹਿ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ' ਏਥੇ ਕੋਈ ਉਚਾ ਨਹੀਂ, ਕੋਈ ਨੀਵਾਂ ਨਹੀਂ, ਨ ਕੋਈ ਵਡਾ ਹੈ ਨ ਛੋਟਾ ਨ ਆਰਥਕ ਭਿੰਨਤਾ ਦਾ ਸਵਾਲ ਹੈ, ਨ ਦੇਸ਼ ਭਿੰਨਤਾ ਦਾ, ਨ ਜ਼ਾਤ ਦੀ ਵਡਿਆਈ ਹੈ, ਨ ਰੰਗ ਰੂਪ ਦੀ 'ਏਕੈ ਨੈਣ ਏਕੈ ਕਾਨ ਏਕੈ ਦੇਹ ਏਕੈ ਬਾਣ ਖਾਕ ਬਾਦ ਆਤਿਸ ਔ ਆਬ ਕੋ ਰਲਾਉ ਹੈ, ਅਤ ਮਾਣਸ ਕੀ ਜਾਤ ਸਭੈ ਏਕੈ ਪਹਿਚਾਨਬੋ।

ਗੁਰੂ ਨਾਨਕ ਦੇਵ ਜੀ ਦਾ ਧਰਮ-ਅੰਦੋਲਨ ਇਨ੍ਹਾਂ ਸ਼ਬਦਾਂ ਨਾਲ ਸ਼ੁਰੂ ਹੋਇਆ ਸੀ : 'ਨ ਕੋਈ ਹਿੰਦੂ ਨ ਮੁਸਲਮਾਨ' ਅਤੇ ਇਹੋ ਨਾਅਰਾ ਆਪ ਨੇ ਹਰਦੁਆਰ, ਜਗਨਨਾਥਪੁਰੀ, ਮਕੇ ਮਦੀਨੇ ਤੇ ਬਗਦਾਦ ਵਿਚ ਲਾਇਆ। ਆਪ ਨੇ ਮਕੇ ਦੇ ਹਾਜੀਆਂ ਦੇ ਪੁਛਣ ਪਰ ਕਿ ਆਪ ਕਿਸ ਧਰਮ ਦੇ ਮੰਨਣ ਵਾਲੇ ਹੋ, ਅਤੇ ਹਿੰਦੂ ਵਡੇ ਹਨ ਜਾਂ ਮੁਸਲਮਾਨ, ਨਿਧੱੜਕ ਉਤਰ ਦਿਤਾ ਸੀ ਕਿ ਨ ਹਿੰਦੂ ਵਡਾ ਹੈ ਨ ਮੁਸਲਮਾਨ, ਰਬ ਦੀ ਦਰਗਾਹ ਵਿਚ ਤਾਂ ਕਰਨੀ ਪ੍ਰਧਾਨ ਹੈ। ਹਿੰਦੂ ਮੁਸਲਮਾਨ ਸਭ ਇਕ ਹਨ। ਮੈਂ ਇਨ੍ਹਾ ਸਭ ਨੂੰ ਆਪਣੇ ਸਮਝਦਾ ਹਾਂ, ਕੋਈ ਬਿਗਾਨਾ ਨਹੀਂ। ਸਾਰੇ ਮਨੁਖ ਇਕ ਹਨ ਅਤੇ ਮਨੁਖਤਾ ਦੀ ਸੇਵਾ ਹੀ ਮੁਖ ਧਰਮ ਹੈ।

ਅਜੇਹੇ ਧਰਮ ਵਾਲਿਆਂ ਦਾ ਨਾਮ ਗੁਰੂ ਗੋਬਿੰਦ ਸਿੰਘ ਨੇ 'ਖਾਲਸਾ' ਧਾਰਿਆ ਅਤੇ ਇਨ੍ਹਾਂ ਨੂੰ ਪੁਰਾਤਨ ਵਿਸ਼ਵ ਸੰਤ ਸੂਰਬੀਰਾਂ ਦਾ ਵਿਸ਼ੇਸ਼ ਰੂਪ ਦਿਤਾ। ਇਸ ਤਰ੍ਹਾਂ 'ਖਾਲਸਾ' ਵਿਸ਼ਵ ਧਰਮ ਨਿਰੂਪਿਆ ਗਿਆ ਜਿਸ ਦੇ ਨਿਤ ਕਰਮ ਸਨ ਸਾਂਝੀਵਾਲਤਾ ਦਾ ਪਰਸਾਰ ਅਤੇ ਮਨੁਖ ਦੋਸ਼ਿਆਂ ਦਾ ਪ੍ਰਹਾਰ।

ਪ੍ਰੰਤੂ ਸਾਡੀ ਤੰਗ ਦ੍ਰਿਸ਼ਟੀ ਅਤੇ ਗੁਰਮਤਿ ਦੇ ਗਲਤ ਅਧਿਐਨ ਨੇ ਸਾਨੂੰ ਕੈਦ ਕਰ ਦਿਤਾ ਛੋਟੇ ਜਹੇ ਘੇਰੇ ਵਿਚ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੀ ਵਿਸ਼ਾਲ ਵਿਸ਼ਵ-ਵਿਚਾਰਧਾਰਾ ਨੂੰ ਅਤੇ ਗੁਰੂ ਗੋਬਿੰਦ ਸਿੰਘ ਦੇ ਸਰਬ ਸੰਸਾਰੀ ਖ਼ਾਲਸਾ ਆਦਰਸ਼ ਨੂੰ ਅਸੀਂ ਬੰਦ ਕਰ ਦਿਤਾ ਮੂੰਹ ਭੀੜੇ ਕੁਜੇ ਅੰਦਰ। ਚਾਹੀਦਾ ਤਾਂ ਇਹ ਸੀ ਕਿ ਅਸੀਂ ਅਜੇਹੇ ਵਿਸ਼ਵ ਆਦਰਸ਼ ਨੂੰ ਸੰਸਾਰ ਦੇ ਕੋਨੇ ੨ ਤਕ ਪੁਚਾਉਂਦੇ, ਪਰ ਅਸੀਂ ਘਰੋਗੀ ਧੰਦਿਆਂ ਵਿਚ ਰੁਝ ਕੇ ਇਸ ਮਹਾਨ ਵਡੀ ਜ਼ਿਮੇਵਾਰੀ ਵਲੋਂ ਅਵੇਸਲੇ ਹੋ ਗਏ। ਪਰ ਕਰਤਾਰ ਦੀ ਕੁਦਰਤ ਬੇਅੰਤ ਹੈ ਅਤੇ ਉਸ ਨੇ ਜੋ ਕਰਨਾ ਹੁੰਦਾ ਹੈ ਉਸ ਦੇ ਲਈ ਲੋੜੀਂਦੇ ਸਾਧਨ ਉਹ ਵਿਚ ਵਿਚ ਪੈਦਾ ਕਰਦਾ ਰਹਿੰਦਾ ਹੈ। ਸੰਨ ੧੭੫੭ ਵਿਚ ਜਦੋਂ ਬਾਬਾ ਆਲਾ ਸਿੰਘ ਨੇ ਪਟਨ ਵਾਲੇ ਥੇਹ ਉਤੇ 'ਡਿਉੜੀ ਨਾਮ ਦੀ ਪਹਿਲੀ ਇਮਾਰਤ ਬਣਵਾਕੇ ਸ਼ਹਿਰ ਪਟਿਆਲੇ ਦੀ ਨੀਂਹ ਧਰੀ, ਉਸ ਸਮੇਂ ਤੋਂ ਲੈ ਕੇ ਅਜ ਤਕ ਭਾਰਤ ਅਤੇ ਵਿਸ਼ੇਸ਼ ਕਟਕੇ ਜਮਨਾ ਦੇ ਇਸ ਪਾਰ ਅਥਵਾ ਪੰਜਾਬ ਉਪਰ ਅਨੇਕਾ ਝਖੜ ਝੁਲੇ, ਬਰਬਾਦੀਆਂ ਤੇ ਫਿਰ ਆਬਾਦੀਆ ਹੋਈਆਂ, ਰਾਜ ਪਲਟੇ, ਜੁਗ ਗਰਦੀਆਂ ਹੋਈ ਪ੍ਰੰਤੂ ਇਸ ਦੋ ਸਦੀਆਂ ਦੇ ਲੰਮੇ ਸਮੇਂ ਅੰਦਰ ਸਤਿਗੁਰੂ ਬਖਸ਼ਿਆ ਪਟਿਆਲਾ ਅਮਨ ਅਮਾਨ ਅਗਾਹਾਂ ਹੀ ਵਧਦਾ ਗਿਆ ਜਿਸ ਦਾ ਸਿਖਰ ਇਥੇ ਪੰਜਾਬੀ ਵਿਸ਼ਵ ਵਿਦਿਆਲੇ ਦੀ ਸਥਾਪਨਾ ਅਤੇ ਇਸ ਵਿਚ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਚੇਅਰਜ਼ ਦਾ ਇਸਥਿਤ ਹੋਣਾ ਹੈ, ਜਿਥੇ ਗੁਰੂ ਬਾਣੀ ਦੇ ਖੋਜ ਭਰਪੂਰ ਅਧਿਐਨ ਤੋਂ ਇਲਾਵਾ ਸੰਸਾਰ ਦੇ ਉਘੇ ਧਰਮਾਂ ਦਾ ਅਧਿਐਨ ਹੋਵੇਗਾ। ਭਾਰਤ ਅੰਦਰ ਧਰਮ-ਦਰਸ਼ਨ ਅਧਿਐਨ ਦਾ ਇਹ ਪਹਿਲਾ ਕੇਂਦਰ ਹੈ ਬਲਕਿ ਸੰਸਾਰ ਭਰ ਵਿਚ ਬਹੁਤ ਥੋੜੇ ਵਿਸ਼ਵ ਵਿਦਿ-ਆਲੇ ਹਨ ਜੋ ਦਰਸ਼ਨ-ਅਧਿਐਨ ਧਰਮ ਦੇ ਪੱਖ ਤੋਂ ਕਰਦੇ ਹਨ ਜਾਂ ਜਿਥੇ ਡਿਵਿਨਿਟੀ ਬਤੌਰ ਇਕ ਵਖਰੇ ਵਿਭਾਗ ਜਾਂ ਸਕੂਲ ਦੇ ਪੜ੍ਹਾਈ ਜਾਂਦੀ ਹੈ। ਭਾਵੇਂ ਪੰਜਾਬੀ ਯੂਨੀਵਰਸਿਟੀ ਨੇ ਵੀ ਹਾਲੇ ਤਕ ਡਿਵਿਨਿਟੀ ਨੂੰ ਪੜ੍ਹਾਈ ਦਾ ਵਿਸ਼ੇਸ਼ ਕੋਰਸ ਬਣਾਉਣ ਦਾ ਫੈਸਲਾ ਤਾਂ ਨਹੀਂ ਕੀਤਾ ਪ੍ਰੰਤੂ ਉਘੇ ਧਰਮ ਦਰਸ਼ਨਾਂ ਦਾ



www.AKJ.Org

ਤੁਲਨਾਤਮਕ ਖੋਜ ਅਧਿਐਨ, ਡਿਵਿਨਿਟੀ ਨੂੰ ਬਤੌਰ ਇਕ ਮਜ਼ਮੂਨ ਪੜ੍ਹਾਏ ਜਾਣ ਵਲ ਇਕ ਕਦਮ ਜ਼ਰੂਰ ਹੈ।

ਪੰਜਾਬੀ ਯੂਨੀਵਰਸਿਟੀ ਦੀ ਅਜੇਹੀ ਸਥਿਤੀ ਦਾ ਲਾਭ ਲੈਣ ਹਿਤ ਪਟਿਆਲੇ ਵਿਚ ਸਥਾਪਤ ਹੋਈਆਂ ਦੋ ਸੰਸਥਾਵਾਂ 'ਡੇਰਾ ਬਾਬਾ ਜੱਸਾ ਸਿੰਘ ਪ੍ਰਬੰਧਕ ਕਮੇਟੀ' ਅਤੇ 'ਸਿਖੀ ਜੀਵਨ ਕੇਂਦਰ' ਨੇ ਸਿਰ ਜੋੜਿਆ ਹੈ ਅਤੇ ਇਹ ਫੈਸਲਾ ਕੀਤਾ ਹੈ ਕਿ 'ਬਾਬਾ ਜੱਸਾ ਸਿੰਘ ਗੁਰਮਤਿ ਕਾਲਜ ਪਟਿਆਲਾ' ਨਾਮ ਦਾ ਇਕ ਆਸ਼ਰਮ ਖੋਲ੍ਹਿਆ ਜਾਏ ਜਿਸਨੂੰ ਪੰਜਾਬੀ ਯੂਨੀਵਰਸਿਟੀ ਨਾਲ ਸੰਬੰਧਿਤ ਕਰਾ ਕੇ ਇਥੇ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਬੀ. ਏ. ਤੋਂ ਅਗਲੇਰੀ ਪੜ੍ਹਾਈ ਅਥਵਾ ਮਾਸਟਰ ਆਫ ਡਿਵਿਨਟੀ ਅਤੇ ਉਪਰੰਤ ਡਾਕਟਰ ਆਫ ਡਿਵਿਨਿਟੀ ਦੀ ਡਿਗਰੀ ਪ੍ਰਦਾਨ ਕਰਾਈ ਜਾਏ।

ਆਸ਼ਰਮ ਹਿਤ ਚੁਣੀ ਜਗਾ ਅਰਥਾਤ ਡੇਰਾ ਬਾਬਾ ਜੱਸਾ ਸਿੰਘ ਦੀ ਆਪਣੀ ਵਿਸ਼ੇਸ਼ ਮਹੱਤਤਾ ਹੈ। ਇਸ ਥਾਂ ਨੂੰ ਜੇਕਰ ਮਹਾਂ ਪੁਰਖਾਂ ਤਥਾ ਵਾਹਿਗੁਰੂ ਭਗਤਾਂ ਦਾ ਤਪੋਬਣ ਕਿਹਾ ਜਾਏ ਤਾਂ ਇਹ ਕੋਈ ਅਤਿ–ਕਥਨ ਨਹੀਂ ਹੋਵੇਗੀ। ਇਹ ਥਾਂ ਕਿਸੇ ਸਮੇਂ ਪਟਿਆਲੇ ਦੇ ਰਾਜਿਆਂ ਦਾ ਸ਼ਿਕਾਰ ਅਸਥਾਨ ਜੰਗਲ ਸੀ, ਜਿਥੇ ਇਕ ਬ੍ਰਹਮ ਗਿਆਨੀ ਸੰਤ ਬਾਬਾ ਹਰਦਿਤ ਸਿੰਘ ਜੀ ਇਕਾਂਤ ਵਿਚ ਬੈਠ ਕੇ ਭਜਨ ਬੰਦਗੀ ਕਰਦੇ ਰਹੇ। ਇਥੇ ਹੀ ਉਹਨਾਂ ਨੇ ਆਪਣਾ ਸਰੀਰ ਛਡਿਆ। ਆਪ ਦੀ ਸੇਵਕਾ ਜੋ ਬਾਬਾ ਜੱਸਾ ਸਿੰਘ ਦੇ ਨਾਮ ਨਾਲ ਮਸ਼ਹੂਰ ਸੀ ਕਾਫ਼ੀ ਲੰਮਾਂ ਸਮਾਂ ਇਥੇ ਹੀ ਸਿਮਰਨ ਅਭਿਆਸ ਕਰਦੇ ਰਹੇ। ਜਿਸ ਤੋਂ ਇਸ ਥਾਂ ਦਾ ਨਾਮ ਡੇਰਾ ਬਾਬਾ ਜੱਸਾ ਸਿੰਘ ਪੈ ਗਿਆ।

ਸੰਤ ਬਾਬਾ ਨੰਦ ਸਿੰਘ ਦੇ ਨਵੰਬਰ ੧੯੬੩ ਵਿਚ ਚੜ੍ਹਾਈ ਕਰ ਜਾਣ ਪਿਛੋਂ ਸੰਗਤਾਂ ਨੇ ਇਸਦੀ ਪਗ ਸੰਤ ਗੁਰਮੁਖ ਸਿੰਘ ਜੀ ਨੂੰ ਬੰਨ੍ਹਾਈ। ਆਪ ਜੀ ਦੀ ਪਹਿਲੀ ਸਾਰੀ ਉਮਰ ਹੀ ਗੁਰਮਤਿ ਪ੍ਰਚਾਰ ਵਿਚ ਬੀਤੀ ਸੀ। ਆਪ ਦੇ ਅੰਦਰ ਆਮ ਸੰਤਾਂ ਮਹੰਤਾਂ ਵਾਂਗ ਧਰਮ ਅਸਥਾਨਾਂ ਜਾ ਇਨ੍ਹਾਂ ਨਾਲ ਸੰਬੰਧਿਤ ਜਾਇਦਾਦਾਂ ਦੀ ਉਕੀ ਹੀ ਪਕੜ ਨਹੀਂ ਸੀ। ਚੂੰਕਿ ਡੇਰਾ ਬਾਬਾ ਜੱਸਾ ਸਿੰਘ ਨਾਲ ਸਰਕਾਰ ਪਟਿਆਲਾ ਵਲੋਂ ੧੧੬ ਵਿਘੇ ਜ਼ਮੀਨ ਬਤੌਰ ਅਤੀਆ ਲਗ ਚੁਕੀ ਹੋਈ ਸੀ, ਆਪ ਨੇ ਇਸ ਜਾਇਦਾਦ ਨੂੰ ਸਮੇਤ ਡੇਰੇ ਦੇ ਪੰਥ ਦੀ ਚੀਜ਼ ਸਮਝਦੇ ਹੋਏ ਇਸ ਦੇ ਲਈ ਪਟਿਆਲਾ ਨਿਵਾਸੀ ਪਤਵੰਤਿਆਂ ਦੀ ਇਕ ਕਮੇਟੀ ਬਣਾ ਦਿਤੀ ਜੋ ਮਿਤੀ ੮ ਜੂਨ ੧੯੬੫ ਨੂੰ ਬਾਕਾਇਦਾ ਰਜਿਸਟਰ ਹੋਈ ਅਤੇ ਡੇਰੇ ਦੀ ਸਮੁਚੀ ਜਾਇਦਾਦ ਦਾ ਇੰਤਕਾਲ ਸੰਤ ਜੀ ਨੇ ਇਸ ਕਮੇਟੀ (ਡੇਰਾ ਬਾਬਾ ਜੱਸਾ ਸਿੰਘ ਪ੍ਰਬੰਧਕ ਕਮੇਟੀ) ਦੇ ਨਾਮ ਭੁਗਤਾ ਕੇ ਬ੍ਰਹਮ ਗਿਆਨੀਆਂ ਵਾਲੀ ਤਿਆਗ ਬਿਰਤੀ ਦਾ ਸਬੂਤ ਦਿਤਾ।

ਗੁਰਮਤਿ ਪ੍ਰਚਾਰ ਨੂੰ ਕਮੇਟੀ ਨੇ ਆਪਣਾ ਮੁਖ ਉਦੇਸ਼ ਤਾਂ ਬਣਾਇਆ ਹੀ ਸੀ, ਸੋ ਜਦੋਂ ਇਥੇ ਉਚੇਰੀ ਧਰਮ ਵਿਦਿਆ (ਡਿਵਿਨਿਟੀ) ਦੇ ਗੁਰਮਤਿ ਕਾਲਜ ਖੋਲ੍ਹੇ ਜਾਣ ਅਤੇ ਪੰਜਾਬੀ ਯੂਨੀਵਰਸਿਟੀ ਦੇ ਸਹਿਯੋਗ ਦੀ ਗੱਲ ਬਾਤ ਅਰੰਭੀ ਗਈ ਤਾਂ ਆਪ ਨੇ ਇਸ ਨੂੰ ਬਹੁਤ ਸਲਾਹਿਆ ਅਤੇ 'ਪਰਬੰਧਕ ਕਮੇਟੀ' ਅਤੇ 'ਸਿਖੀ ਜੀਵਨ ਕੇਂਦਰ' ਦੇ ਜ਼ੋਰ ਦੇਣ ਤੇ ਆਪ ਨੇ ਗੁਰਮਤਿ ਕਾਲਜ ਦੀ ਸਰਪਰਸਤੀ ਅੰਗੀਕਾਰ ਕਰ ਲਈ ਜਿਸ ਨਾਲ ਪਰਬੰਧਕਾਂ ਦਾ ਉਤਸ਼ਾਹ ਦੂਣ ਸਵਾਇਆ ਹੋ ਗਿਆ।

ਇਸ ਤੋਂ ਪਹਿਲੋਂ ਕਿ ਇਸ ਕਾਲਜ ਸੰਬੰਧੀ ਕੁਝ ਹੋਰ ਵਿਸਥਾਰ ਦਿਤਾ ਜਾਏ ਪਾਠਕਾਂ ਦੇ ਗਿਆਤ ਲਈ 'ਸਿਖੀ ਜੀਵਨ ਕੇਂਦਰ' ਬਾਰੇ ਕੁਝ ਦਸਿਆ ਜਾਣਾ ਜ਼ਰੂਰੀ ਹੈ। ਇਹ ਸੰਸਥਾ ਪਰਦੇਸ਼ ਯਾਤਰਾ ਕਰਕੇ ਆਏ ਸ੍ਰ: ਗੁਰਬਖਸ਼ ਸਿੰਘ ਜਿਨ੍ਹਾਂ ਦਾ ਆਪਣਾ ਜੀਵਨ ਗੁਰਮਤ ਪ੍ਰਚਾਰ ਅਤੇ ਨਾਮ ਸਿਮਰਨ ਦੀ ਡੂੰਘੀ ਲਗਨ ਵਾਲਾ ਬਣ ਚੁੱਕਾ ਹੈ, ਦੇ ਉਤਸ਼ਾਹ ਤੇ ਉਦਮ ਸਦਕਾ ਕਾਇਮ ਹੋਈ ਹੈ। ਇਸ ਦੇ ਮੈਂਬਰਾਂ ਵਿਚ ਇੰਡੀਅਨ ਮਰਚੈਂਟਸ ਐਸੋਸੀਏਸ਼ਨ ਅਕਰਾ



www.AKJ.Org

(ਅਫ਼ਰੀਕਾ) ਆਦਿ ਕਈ ਸੰਸਥਾਵਾਂ ਅਤੇ ਕਈ ਪਰਦੇਸ ਵਸਦੇ ਭਾਰਤੀ ਤੇ ਪੰਜਾਬੀ ਗੁਰਸਿਖ ਹਨ ਜੋ ਗੁਰਮਤਿ ਰਹਿਣੀ, ਗੁਰਮਤਿ ਪਰਚਾਰ ਅਤੇ 'ਆਪਿ ਜਪੇ ਅਵਰਾ ਨਾਮ ਜਪਾਵੈ' ਦੇ ਪਾਵਨ ਆਦਰਸ਼ ਨੂੰ ਦ੍ਰਿੜ ਕੀਤੇ ਹੋਏ ਸਿਖੀ ਦੇ ਅਮਲੀ ਜੀਵਨ ਅਤੇ ਇਸ ਦੇ ਵਿਸ਼ਵ-ਧਰਮ ਹੋਣ ਤੇ ਪੂਰਨ ਭਰੋਸਾ ਰਖਦੇ ਹਨ, ਅਤੇ ਇਸ ਆਦਰਸ਼ ਪੂਰਤੀ ਲਈ ਆਪਣੀ ਕਮਾਈ ਸਫਲਾ ਕਰਨ ਦੇ ਵਿਚਾਰ ਰਖਦੇ ਹਨ। ਗੁਰਮਤਿ ਕਾਲਜ ਸੰਬੰਧੀ ਮਿਥੇ ਫੰਡ ਦੀ ਪਹਿਲੀ ਕਿਸ਼ਤ ਭੀ ਉਨ੍ਹਾਂ ਵਲੋਂ ਹੀ ਪ੍ਰਬੰਧ ਬੋਰਡ ਦੀ ਭੇਟਾ ਕੀਤੀ ਗਈ ਹੈ ਅਤੇ ਅਗੋਂ ਲਈ ਹਰ ਪ੍ਰਕਾਰ ਦੇ ਸਹਿਯੋਗ ਦਾ ਭਰੋਸਾ ਦਿਵਾਇਆ ਗਿਆ ਹੈ।

ਸੋ ਉਕਤ ਪਿਛੋਕੜ ਦੀਆਂ ਨੀਹਾਂ ਤੇ ਸ੍ਰੀ ਗੁਰੂ ਹਰਿ ਰਾਇ ਜੀ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਵਲੋਂ ਵਰੋਸਾਏ ਗਏ ਪਟਿਆਲੇ ਸ਼ਹਿਰ ਦੇ ਪਾਵਨ ਤਪੋ ਬਣ ਡੇਰਾ ਬਾਬਾ ਜੱਸਾ ਸਿੰਘ ਅਸਥਾਨ ਤੇ ਦੇਸ਼ ਅਤੇ ਪਰਦੇਸ਼ ਵਸਦੀਆਂ ਗੁਰੂ ਸੰਗਤਾਂ ਦੀ ਓਟ ਤੇ ਗੁਰਮਤਿ ਕਾਲਜ ਖੋਲ੍ਹਣ ਦਾ ਇਹ ਬੀੜਾ ਉਠਾਇਆ ਗਿਆ ਹੈ।

### ੨
### ਉਦੇਸ਼

੧. ਉਚੇਰੀ ਧਰਮ ਵਿਦਿਆ ਦਾ ਅਧਿਐਨ ਅਰਥਾਤ (ਪੋਸਟ ਗ੍ਰੈਜੂਏਟ ਟੀਚਿੰਗ ਇਨ ਡਿਵਿਨਿਟੀ) ;

੨. ਸੰਸਾਰ ਦੇ ਵਿਸ਼ਵ ਵਿਦਿਆਲਿਆਂ ਵਿਚ ਧਰਮ, ਸਦਾਚਾਰ, ਸਭਿਆਚਾਰ ਆਦਿ ਬਾਰੇ ਫੈਕਲਟੀਆਂ ਦੇ ਦ੍ਰਿਸ਼ਟੀਕੋਣ ਅਧੀਨ ਪਟਿਆਲੇ ਵਿਚ ਅਜੇਹੀ ਫੈਕਲਟੀ ਦਾ ਸਥਾਪਤ ਕਰਾਉਣਾ ਅਤੇ ਪੋਸਟ ਗ੍ਰੈਜੂਏਟ ਡਿਵਿਨਿਟੀ ਅਧਿਐਨ ਮਗਰੋਂ ਮਾਸਟਰ ਆਫ਼ ਡਿਵਿਨਿਟੀ ਦੀ ਡਿਗਰੀ ਦਾ ਪ੍ਰਦਾਨ ਕਰਾਉਣਾ ਅਤੇ ਡਾਕਟਰੇਟ ਔਫ ਡਿਵਿਨਿਟੀ ਦੇ ਲਈ ਖੋਜ ਸੰਸਥਾ ਦਾ ਉਪਾਦਨ ;

੩. ਪੰਜਾਬੀ ਯੂਨੀਵਰਸਿਟੀ ਤੋਂ ਇਸ ਪ੍ਰਕਾਰ ਡਿਗਰੀਆਂ ਦਿਵਾਉਣ ਉਪਰੰਤ ਅਜੇਹੇ ਗੁਣਵਾਨ ਸਜਣਾਂ ਰਾਹੀਂ ਦੇਸ਼ ਦੇਸ਼ਾਂਤਰਾਂ, ਅੰਦਰ ਗੁਰੂ ਕੀਆਂ ਸੰਗਤਾਂ ਸਥਾਪਤ ਕਰਾਉਣੀਆਂ ਅਤੇ ਆਦਰਸ਼ਕ ਖਾਲਸਾ ਰਹਿਣੀ ਦੀ ਲਾਗ ਲਾਉਣੀ;

੪. ਪਰਦੇਸ਼ਾਂ ਅੰਦਰ ਗੁਰਮਤ ਪ੍ਰਚਾਰ ਹਿਤ ਡੈਲੀਗੇਸ਼ਨ ਭੇਜਣੇ ਅਤੇ ਉਨ੍ਹਾਂ ਨਾਲ ਸਦੀਵੀਂ ਸਾਂਝ ਪੈਦਾ ਕਰਨਾ।

ਇਸ ਉਦੇਸ਼ ਨੂੰ ਪੂਰਾ ਕਰਨ ਹਿਤ ਹੇਠਾਂ ਦਸੇ ਮਜ਼ਮੂਨਾਂ ਦੀ ਪੜ੍ਹਾਈ ਇਥੇ ਹੋਵੇਗੀ :—

੧. ਮਨੁਖਤਾ ਅੰਦਰ ਧਰਮ ਦਾ ਅਸਥਾਨ ਤੇ ਇਸਦੀ ਲੋੜ। ਧਰਮ ਵਿਚਾਰਧਾਰਾ ਦਾ ਪਰਸਾਰ ਅਤੇ ਇਸ ਤੋਂ ਵੱਖੋ ਵੱਖ ਧਰਮਾਂ ਦਾ ਵਿਕਾਸ, ਵਿਸ਼ੇਸ਼ ਕਰਕੇ ਹਿੰਦੂ ਧਰਮ, ਈਸਾਈਅਤ, ਬੁਧ ਧਰਮ, ਇਸਲਾਮ ਅਤੇ ਸਿੱਖ ਧਰਮ। ਧਰਮਾਂ ਦੀ ਏਕਤਾ ਅਤੇ ਅਨੇਕਤਾ। ਧਰਮ ਅੰਦਰ ਅਧਿਆਤਮ ਅਤੇ ਰਹਸ-ਵਾਦ। ਈਸ਼ੂਰ ਤੇ ਆਤਮਾ ਦਾ ਗਿਆਨ, ਉਕਤ ਪੰਜ ਧਰਮਾ ਦਾ ਤੁਲਨਾਤਮਕ ਅਧਿਐਨ, ਇਨ੍ਹਾਂ ਵਿਚ ਸਿੱਖ ਧਰਮ ਦਾ ਥਾਂ;

੨. ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਤੇ ਸਹਾਇਕ ਬਾਣੀਆਂ ਦਾ ਅਧਿਐਨ;

੩. ਸਦਾਚਾਰ ਕਰਮ, ਗਿਆਨ, ਭਗਤੀ, ਭਗਤੀ ਦੀਆਂ ਭਿੰਨ ਭਿੰਨ ਸ਼ਾਖਾਂ ਜਿਹਾ ਕਿ ਸੂਫ਼ੀ ਸਿਧਾਂਤ, ਯੋਗ ਸਾਧਨਾਂ ਆਦਿ ਅਤੇ ਭਗਤੀ ਤੇ ਸ਼ਕਤੀ ਦਾ ਸੁਮੇਲ;

੪. ਸੰਸਾਰ ਅਤੇ ਭਾਰਤ ਦੇ ਇਤਿਹਾਸ ਉਤੇ ਝਾਤ, ਵਿਸ਼ੇਸ਼ ਰੂਪ ਵਿਚ ਪੰਜਾਬ ਤੇ ਸਿੱਖ ਇਤਿਹਾਸ ਦਾ ਅਧਿਐਨ;

੫. ਨਵੀਨ ਟੈਕਨੀਕਲ ਤੇ ਵਿਗਿਆਨਕ ਯੁਗ ਅੰਦਰ ਸਤਿ ਤੇ ਧਰਮ ਦਾ ਸਥਾਨ ਅਤੇ ਇੰਨਾਂ ਨੂੰ ਫੈਲਾਉਣ ਦੀ ਜੁਗਤ ਤੇ ਤਰਸਾਰ ਕਲਾ ਵਿਸ਼ੇਸ਼ ਰੂਪ ਵਿਚ ਗੋਸ਼ਟੀਆਂ, ਭਾਸ਼ਨ ਤੇ ਨਿਬੰਧ ਕਲਾ;



www.AKJ.Org

੬. ਕੋਮਲ ਹੁਨਰ ਵਿਸ਼ੇਸ ਰੂਪ ਵਿੱਚ ਸੰਗੀਤ ਤੇ ਸਾਹਿਤਕ ਜਾਣਕਾਰੀ; ਉਕਤ ਉਦੇਸ਼ ਦੀ ਪੂਰਤੀ ਲਈ ਗੁਰਮਤਿ ਕਾਲਜ ਦੇ ਪੱਕੇ ਸਟਾਫ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਦੇ ਹੇਠ ਲਿਖੇ ਵਿਦਵਾਨ ਵਿਅਕਤੀਆ ਤੇ ਹੋਰ ਸੱਜਣਾਂ ਦੀਆਂ ਸੇਵਾਵਾਂ ਹਾਸਲ ਕੀਤੀਆਂ ਜਾ ਰਹੀਆਂ ਹਨ:–

੧. ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਚੇਅਰਜ਼ ਨਾਲ ਸਬੰਧਤ ਖੋਜਸ਼ਾਲਾ ਸਟਾਫ਼, ਵਿਸ਼ੇਸ਼ ਕਰਕੇ ਵੱਖੋ ਵੱਖ ਧਰਮਾਂ ਦੀ ਖੋਜ ਹਿਤ ਪੰਜਾਬੀ ਯੂਨੀਵਰਸਿਟੀ ਅੰਦਰ ਰੱਖੇ ਪ੍ਰੋਫੈਸਰ।

੨. ਸ੍ਰ: ਹਰਬੰਸ ਸਿੰਘ, ਰਜ਼ਿਸਟਰਾਰ, ਪੰਜਾਬੀ ਯੂਨੀਵਰਸਿਟੀ।

੩. ਡਾ: ਗੰਡਾ ਸਿੰਘ, ਪ੍ਰਸਿਧ ਇਤਹਾਸਕਾਰ।

੪. ਗਿਆਨੀ ਲਾਲ ਸਿੰਘ, ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ।

੫. ਸ੍ਰੀ ਦਸਮ ਗ੍ਰੰਥ ਵੇਤਾ ਸ੍ਰੀ ਭਗਵੰਤ ਸਿੰਘ ਹਰੀ ਜੀ ਨਾਭਾ।

## ਗੁਰਮਤਿ ਕਾਲਜ ਪਟਿਆਲਾ ਪ੍ਰਬੰਧਕ ਬੋਰਡ ਦੇ ਸਲਾਹਕਾਰ

੧. ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸਚਾਂਸਲਰ ਸਾਹਿਬ ਸ੍ਰ: ਕਿਰਪਾਲ ਸਿੰਘ ਨਾਰੰਗ

੨. ਪ੍ਰਧਾਨ ਸਾਹਿਬ ਸ਼੍ਰੋ: ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

੩. ਜਥੇਦਾਰ ਸਾਹਿਬ ਸ੍ਰੀ ਅਕਾਲ ਤਖਤ, ਸ੍ਰੀ ਅੰਮ੍ਰਿਤਸਰ।

੪. ਹੈਡ ਗ੍ਰੰਥੀ ਸਾਹਿਬ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ।

੫. ਮੁਖ ਮੰਤਰੀ ਸਾਹਿਬ, ਪੰਜਾਬ, ਚੰਡੀਗੜ੍ਹ।

੬. ਸਿਖਿਆ ਤੇ ਭਾਸ਼ਾ ਮੰਤਰੀ, ਪੰਜਾਬ, ਚੰਡੀਗੜ੍ਹ।

ਇਸ ਕਾਰਜ ਲਈ ਸ਼੍ਰੋਮਣੀ ਸਿੱਖ ਜਥੇਬੰਦੀ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਦਾ ਸਹਿਯੋਗ ਭੀ ਹਾਸਲ ਕੀਤਾ ਜਾ ਰਿਹਾ ਹੈ।

## ਫੰਡ

ਗੁਰਮਤਿ ਕਾਲਜ ਪਟਿਆਲਾ ਦਾ ਕੰਮ ਅਰੰਭ ਕਰਨ ਲਈ ਡੇਰਾ ਬਾਬਾ ਜੱਸਾ ਸਿੰਘ ਪ੍ਰਬੰਧਕ ਕਮੇਟੀ ਨੇ ਆਰਜ਼ੀ ਤੌਰ ਤੇ ਅਪਣੀਆਂ ਇਮਾਰਤਾਂ ਵਿਚੋਂ ਕੁਝ ਭਾਗ ਬੋਰਡ ਦੇ ਹਵਾਲੇ ਕੀਤਾ ਹੈ ਅਤੇ ਕਾਲਜ ਦੀ ਪੱਕੀ ਇਮਾਰਤ ਲਈ ਕਮੇਟੀ ਨੇ ਡੇਰਾ ਬਾਬਾ ਜੱਸਾ ਸਿੰਘ ਵਿਚ ਸੁਫੈਦ ਜ਼ਮੀਨ ਦੇਣ ਦਾ ਫੈਸਲਾ ਕੀਤਾ ਹੈ ਜਿਥੇ ਕਾਲਜ ਦੀ ਇਮਾਰਤ ਖੜੀ ਕੀਤੀ ਜਾਵੇਗੀ।

ਪ੍ਰਬੰਧਕ ਬੋਰਡ ਵਲੋਂ ਸ੍ਰੀ ਮਾਨ ਸੰਤ ਗੁਰਮੁਖ ਸਿੰਘ ਜੀ ਅਤੇ ਸ੍ਰ: ਗੁਰਬਖ਼ਸ਼ ਸਿੰਘ ਜੀ ਨੂੰ ਬੇਨਤੀ ਕੀਤੀ ਗਈ ਹੈ ਜਿਨ੍ਹਾਂ ਨੇ ਇਸ ਮਹਾਨ ਕਾਰਜ ਦੀ ਸਫਲਤਾ ਲਈ ਲੱਕ ਬੱਧਾ ਹੈ।

ਅੰਦਰ ਰੱਖੇ ਪ੍ਰੋਫੈਸਰ।

ਕਾਲਜ ਦਾ ਉਧਘਾਟਨ ਇਸ ਸਾਲ ਨਵੰਬਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਉਤਸ਼ਵ ਦੇ ਦਿਨ ਕੀਤਾ ਜਾਏਗਾ।

ਪਟਿਆਲਾ, ਸਕੱਤਰ,<br>
੧੦ ਜੂਨ, ੧੯੬੭ ਬਾਬਾ ਜੱਸਾ ਸਿੰਘ ਗੁਰਮਤਿ ਕਾਲਜ



www.AKJ.Org

# ਸਿਮਰਨ ਦਾਤਾ ਸਤਿਗੁਰੂ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਕਿਸ਼ਤ ਨੰ: ੮

ਸਾਧ ਪਦ ਇਸ ਗੁਰਵਾਕ ਅੰਦਰ ਗੁਰੂ ਪ੍ਰਥਾਇ ਵਰਤਿਆ ਗਿਆ ਹੈ ਜੈਸੇ ਕਿ ਹੋਰ ਅਨੇਕ ਗੁਰਵਾਕਾਂ ਅੰਦਿਰ ਅਕਸਰ ਐਸੀ ਵਰਤੋਂ ਹੈ। ਸਤਿਗੁਰੂ ਰੂਪ ਦਸ ਜਾਮਿਆਂ ਵਿਚ ਹੀ ਹੋਇ ਹਨ। ਦਸਾਂ ਗੁਰੂ ਜਾਮਿਆਂ ਦਾ ਸਾਖਯਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਜੁਗ ਜੁਗ ਅਵਤਾਰੀ ਗੁਰੂ ਸਾਧ ਸਦਾ ਸਹਜ ਸਮਾਧੀ ਵਿਚ ਅਸਥਿਤ ਗੁਰੂ ਸਾਧ ਰੂਪ ਪ੍ਰਗਟ ਹੋਇਆ। ਇਹਨਾਂ ਗੁਰੂ ਜਾਮਿਆਂ ਤੋਂ ਪਹਿਲਾਂ ਧਰਮ ਧਰਾ ਨੂੰ ਥੰਮਣਹਾਰਾ ਨਾ ਕੋਈ ਗੁਰੂ ਸਾਧ ਹੋਇਆ ਨਾ ਹੋਸੀ। ਗੁਰੂ ਮਿਲਾਪ ਦੇ ਸ਼ਰਧਾਵਾਨ ਤੇ ਸਿਖ ਯਾਚਕਾਂ ਨੂੰ ਗੁਰੂ ਸਾਧ ਸਰੂਪ ਦੇ ਤੇਜ ਪੁੰਜ ਜੋਤਿ ਕੁੰਜ ਦਰਸ਼ਨ ਯਥਾ ਅਧਿਕਾਰ ਸਮੇਂ ਹੀ ਹੋਏ ਹਨ, ਹੁੰਦ ਹਨ, ਹੋ ਰਹੇ ਹਨ ਅਤੇ ਹੁੰਦੇ ਰਹਿਨਗੇ। ਓਹੋ ਸਾਧੂ ਜਿਨ੍ਹਾਂ ਦੀ ਦਰਸ਼ਨ ਯਾਚਨਾ ਦੇ ਚਿੰਤਨ ਰੂਪੀ ਯਾਦ ਜਾਪ ਦੀ ਬਰਕਤ ਨਾਲ, ਯਾਚਕਾਂ ਦੀ ਗਤੀ ਹੋ ਜਾਂਦੀ ਹੈ ਕੇਵਲ ਸਤਿਗੁਰ ਰੂਪੀ ਸਾਧ ਹੀ ਹਨ। ਸਤਿਗੁਰੂ ਸਾਧ ਦਾ ਇਕ ਵਾਰ ਰਿਦੰਤਰਿ ਝਲਕਿਆ, ਦਰਸ਼ਨ ਝਲਕਾ ਇਕ ਵਾਰ ਦੇ ਮਿਲਾਪ ਦਾ ਦਰਸ਼ਨ ਝਲਕਾ ਬਹੁਰਿ ਬਹੁਰਿ ਮਿਲਣ ਲਈ ਕੇਵਲ ਦਰਸ਼ਨ ਦੀ ਯਾਦ ਦੇ ਜਪ ਦਾ ਹੀ ਦਰਕਾਰੀ ਹੈ। 'ਤਿਨ ਸਿਮਰਤ ਗਤਿ ਹੋਇ ਹਮਾਰੀ' ਵਾਲੀ ਸਪੂਰਨ ਘਟਨਾ ਸਾਧ ਗੁਰੂ ਦੇ ਜਪਿਆਂ ਹੀ ਘਟਦੀ ਹੈ, ਗੁਰੂ ਗੁਰੂ ਜਪਣ ਨਾਲ ਗੁਰੂ ਦੇ ਦਰਸ਼ਨ ਹੋ ਜਾਂਦੇ ਹਨ। ਗੁਰੂ ਗੁਰੂ ਜਾਪ ਅਭਿਆਸ ਦੀ ਪਾਰਸ ਕਮਾਈ ਗੁਰੂ ਦਰਸ਼ਨ ਦਰਸਾਉਣ ਨੂੰ ਪਾਰਜਾਤ ਹੈ। ਗੁਰੂ ਗੁਰੂ ਜਪਿਆਂ ਗਤੀ ਹੁੰਦੀ ਹੈ, ਗੁਰੂ ਗੁਰੂ ਰੂਪੀ ਪੂਰੇ ਸ਼ਬਦ ਹੀ ਜਾਪ ਸ਼ਕਤਿ ਨਾਲ, ਪੂਰੇ ਗੁਰੂ ਦੀ ਸਿਫਤ ਸਲਾਹ ਜਾਪ ਦੁਆਰਾ ਵਾਹਿਗੁਰੂ ਅਤੇ ਵਾਹਿਗੁਰੂ ਨਾਲ ਅਭੇਦ ਸਤਿਗੁਰੂ ਜੀ ਦਾ ਜੋਤਿ ਮਿਲਾਵਾ ਹੋ ਜਾਂਦਾ ਹੈ ਸਤਿਗੁਰੂ ਸਾਧ ਦਾ ਦਰਸ਼ਨ ਦੇਖਦਿਆਂ ਦਰਸ ਮਾਤਰ ਸਰਧਾਲੂਆਂ ਦੇ ਰਿਦੰਤਰ ਹਰਿ ਜੋਤਿ ਦਾ ਵਿਗਾਸ ਹੋ ਜਾਂਦਾ ਹੈ। ਐਸੇ ਸਤਿਗੁਰੂ ਦੀ ਸਿਮਰਨ ਸੇਵਾ ਪੂਜਾ ਹੀ ਗਤਿ ਕਲਿਆਨ ਕਾਰਕ ਹੈ।

ਜਿਨਾਂ ਨੇ ਐਸੇ ਸਤਿਗੁਰੂ ਸਾਧ ਦਸੋਂ ਗੁਰੂ ਜੋਤਿ ਜਾਮਿਆਂ ਦੇ ਜ਼ਾਹਰਾ ਜ਼ਹੂਰ ਸਾਖਯਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਨਹੀਂ ਕੀਤਾ



www.AKJ.Org

ਸੋ ਸਭ ਨਿਗੁਰੇ ਹਨ, ਤਿਨ੍ਹਾਂ ਨਿਗੁਰਿਆਂ ਨੂੰ ਹਰਿ ਦਰਗਹਿ ਢੋਈ ਨਹੀਂ। ਤਿਨਾਂ ਨਿਗੁਰਿਆਂ ਆਪੇ ਬਣਿ ਬਣਿ ਬੈਠਣ ਹਾਰੇ ਗੁਰੂਆਂ ਨੂੰ ਅਗੇ ਜਾਕੇ ਜਮਾਂ ਦੀ ਮਾਰ ਪਏਗੀ ਅਤੇ ਮਾਰ ਮਾਰ ਕੇ ਕਢੇ ਜਾਣਗੇ, ਸਚੀ ਦਰਗਾਹੇ ਜਾਣੋ ਨਹੀਂ ਪਾਉਣਗੇ, ਧੱਕੇ ਦੇਕੇ ਬਾਹਰ ਕਢੇ ਜਾਣਗੇ। ਗੁਰੂ ਤੋਂ ਬੇਮੁਖ ਨਿਗੁਰੇ ਨਰ ਦਰ ਅਸਲ ਗੁਰੂ ਦੇ ਨਿੰਦਕ ਹਨ, ਉਹ ਨਾ ਸਿਰਫ਼ ਸਤਿਗੁਰੂ ਨੂੰ ਗੁਰ ਮੰਨਣ ਤੋਂ ਮੁਨਕਰ ਹਨ ਬਲਕਿ ਗੁਰੂ ਦੇ ਥਾਉਂ ਆਪ ਗੁਰੂ ਬਣ ਕੇ ਗੁਰ ਪਦਵੀ ਦੀ ਨਿਰਾਦਰੀ ਮਈ ਨਿੰਦਾ ਕਰਦੇ ਹਨ। ਸੋ ਐਸੇ ਨਰ ਨਿੰਦਕ ਸਚੀ ਸਰਕਾਰ ਦੇ ਦਰਗਾਹੀ ਦਰਬਾਰ ਵਿਚ ਜਾਣ ਦੇ ਲਾਇਕ ਹੀ ਨਹੀਂ। ਉਹ ਕਿਤੇ ਭੀ ਸੋਭਾ ਨਹੀਂ ਪਾਉਂਦੇ। ਸਿਰਜਨਹਾਰੀ ਸਰਕਾਰ ਦੇ ਉਹ ਨਕ ਕਾਟੇ ਗੁਨਾਹਗਾਰ ਹਨ। ਤਿਨ ਨਕਟ ਪੰਥੀਏ ਡਿੰਭੀ ਮਾਣ ਗੁਰੂਆਂ ਦੀ ਕੈਸੀ ਭਿਆਨਕ ਗਤੀ ਹੈ ਜੋ ਇਸ ਗੁਰਵਾਕ ਨੇ ਸੰਕੇਤ ਕੀਤੀ ਹੈ ਏਹ ਗਤ ਉਨ੍ਹਾਂ ਨਾਲ ਸਚ ਮੁਚ ਹੋ ਕੇ ਵਰਤੇਗੀ ਇਸ ਵਿਚ ਰੰਚਕ ਸੰਦੇਹ ਨਾ ਜਾਣੋ ਅਪਣੇ ਆਪ ਨੂੰ ਗੁਰੂ ਭਾਵਨ ਦੀ ਮਨੌਤੀ ਕਰਿ ਮਥੇ ਟਿਕਾਉਣ ਵਾਲਿਆਂ ਦੇ ਭੀ ਮੰਦੇ ਹਾਲ ਹੋਣਗੇ। 'ਜੋ ਦੀਸੈ ਗੁਰ ਸਿਖੜਾ ਤਿਸੁ ਨਿਵ ਨਿਵਿ ਲਾਗਉ ਪਾਇ ਜੀਉ।' ਗੁਰਵਾਕ ਦੇ ਭਾਵ ਵਾਲੀ ਭਾਵਨੀ ਕਰ ਪਰਸਪਰ ਇਕ ਦੂਜੇ ਦੇ ਨਿਵ ਨਿਵ ਪਾਇ ਲਗਣ ਹਾਰਿਆਂ ਨੂੰ ਰੰਚਕ ਭੀ ਲੇਪ ਛੇਪ ਨਹੀਂ ਵਿਆਪਦਾ ਪਰ ਜੋ ਮਨ ਮਤੀਏ ਪੁਰਸ਼ ਸਿਮਰਨ ਦਾਤੇ ਹੋ ਕੇ ਆਪਣੇ ਆਪ ਨੂੰ ਪੁਜਾਉਂਦੇ ਮਥੇ ਟਿਕਾਉਂਦੇ ਹਨ, ਉਹ ਸਿਖੀ ਪਦ ਤੋਂ ਭੀ ਹਿਠਾਹਾਂ ਹੋ ਜਾਂਦੇ ਹਨ, ਉਨ੍ਹਾਂ ਅਗੇ ਸਿਖ ਸਮਝਕੇ ਨਿਵਣਾ ਭੀ ਅਯੋਗ ਹੈ। 'ਜੋ ਦੀਸੈ ਗੁਰ ਸਿਖੜਾ' ਵਾਕ ਵਿਚ ਸਿਖੜਾ ਪਦ ਗੁਰੂ ਦੇ ਪਿਆਰੇ ਸਿਖ ਦਾ ਗੁਰੂ ਕੀ ਰਹਿਤ ਰਹਿਣੀ ਵਾਲੇ ਸਿਖ ਦਾ ਨਿਰੂਪਕ ਹੈ, ਐਵੇਂ ਦਿਸਣ ਮਾਤਰ ਵਾਲੇ ਬਹਿਰੂਪੀਏ ਨਕਲੀ ਸਿਖਾਂ ਦਾ ਸੂਚਕ ਨਹੀਂ। ਗੁਰੂ ਪਿਆਰੇ ਗੁਰੂ ਦੇ ਪਿਆਰੜੇ ਸਿਖਾਂ ਦੇ ਪੈਰੀ ਲਗਣਾ ਹੈ। ਪਿਆਰਿਆਂ ਨੂੰ ਪਿਆਰੇ ਹੀ ਜਾਣ ਬੁਝ ਸਕਦੇ ਹਨ ਅਤੇ ਪਿਆਰ ਪ੍ਰਾਇਣ ਹੋ ਕੇ ਹੀ ਪਰਸਪਰ ਇਕ ਦੂਜੇ ਦੇ ਪੈਰੀ ਲਗਦੇ ਹਨ, ਗਲ ਮਿਲਦੇ ਹਨ। ਫ਼ਤਿਹ ਗਜਾਉਂਦੇ ਤੇ ਅਸੀਸਾਂ ਦਿੰਦੇ ਲੈਂਦੇ ਹਨ। ਆਪੇ ਬਣ ਬੈਠੇ ਸਿਮਰਨ ਦਾਤਿਆਂ ਨੇ ਤਾਂ ਲੋਕਾਂ ਨੂੰ ਆਪਣੇ ਪੈਰੀਂ ਪੁਆਉਣ ਦਾ ਠੇਕਾ ਹੀ ਲੀਤਾ ਹੋਇਆ ਹੈ। ਉਹ ਪੈਰੀਂ ਪੁਆਉਣਗੇ, ਪੈਰੀਂ ਪੈਣਗੇ ਨਹੀਂ, ਕਿਉਂਕਿ ਉਨ੍ਹਾਂ ਅੰਦਰਿ ਸਿਮਰਨ ਦਾਤੇ ਹੋਣ ਦੀ ਆਕੜ ਵੜੀ ਹੋਈ ਹੁੰਦੀ ਹੈ। ਐਵੇਂ ਨਿਖੜੰਮੀ ਰੰਘੜਊਪਣੇ ਵਾਲੀ ਆਕੜ।

ਏਹ ਗੁਰਮਤਿ ਗੁਣ ਗੁਰੂ ਧਾਰੇ ਬਿਹੂਣ ਨਿਗੁਰਿਆਂ ਨੂੰ ਕਿਵੇਂ ਜਾਪਣ। ਅੰਤ ਇਹਨਾਂ ਗੁਣ ਬਿਹੂਣਾਂ ਪਾਸੋਂ ਭਗਤੀ ਨਹੀਂ ਹੋ ਸਕਦੀ, ਭਗਤੀ ਕੀਤਿਆਂ ਹੀ ਭਗਤ ਵਛਲ ਵਾਹਿਗੁਰੂ ਦਾ ਸਹਜ ਮਿਲਾਵਾ ਹੁੰਦਾ ਹੈ।

ਯਥਾ ਗੁਰਵਾਕ—

'ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਿਤ ਨ ਹੋਇ॥ ਭਗਤਿ ਵਛਲੁ ਹਰਿ ਮਨ ਵਸਿਆ ਸਹਜਿ ਮਿਲਿਆ ਪ੍ਰਭੁ ਸੋਇ॥

(ਸਿਰੀ ਰਾਗੁ ਮ: ੩ ਅਸਟਪਦੀ)

ਗੁਰਮਤਿ ਗੁਣ ਗੁਰਬਾਣੀ ਦੇ ਬੋਹਿਥ ਕਲਜੁਗ ਅੰਦਰਿ ਕੇਵਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਹਨ। ਇਸ ਸਚੇ ਗੁਰਦੇਵ ਬਾਝੋਂ ਗੁਣ ਕਿਤੇ ਹੋਰਥੇ ਕਿਸੇ ਹੋਰ ਮੜੇ ਸਰੀਰ ਵਿਚ ਨਹੀਂ ਜਾਪਦੇ। ਪਰਗਟ ਪਾਹਾਰੇ ਏਹ ਗੁਣ ਜਾਪਦੇ ਹਨ ਤਾਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਦਰਿ ਹੀ ਜਾਪਦੇ ਹਨ। ਇਹਨਾਂ ਗੁਰਬਾਣੀ ਰੂਪੀ ਗੁਰਮਤਿ ਗੁਣਾਂ ਦੇ ਆਸਰੇ ਸਹਾਰੇ ਬਿਹੂਣ, ਸਿਮਰਨ ਭਜਨ ਮਈ ਪਰੇਮਾ-ਭਗਤੀ ਨਹੀਂ ਹੁੰਦੀ, ਨਾ ਹੀ ਹੋ ਸਕਦੀ ਹੈ।

(ਚਲਦਾ)



www.AKJ.Org

# The Symbols.

## By Gurmukh Singh M.A.B. Ed. Patiala.

Indu Bhusan Banerjee in his book 'Evolution of the Khalsa,' observes that 'originally Sikhism belonged to the great family of popular religions that made their appearance in India in the 15th and 16th Centuries... ...... Ramananda and Kabir, Chaitanya and Nanak, all agreed as to fundamentals, though no doubt, there were differences in detail. But whereas the other schools developed, more or less, on traditional lines, and after short periods of fruitful activity, quieted down into narrow, hide-bound or at best mystical sects, **slkbism went off at a tangent and uttimately evolved what has been called a church-nation."**

The author has made a correct observation that sikhism, "went off at a tangent," the reader is interested to know why alone sikhism was able to form a "Church-nation," while the contemporary branches of the Bhakti-Movement boiled down to conventional isms?

There is a reason behind it Banerjee endorses the view of Estlin Carpenter that one of the reasons for this was that sikhism imposed on its followers "the obligation of the sword with a rite of initiation."

Guru Nank instituted "Charn Pauhl" Baptism through Holy Water sacramented by the touch of the Holy Feet of the Guru. All the followers, from Guru Nank to Guru Teg Bahadur received the Charn Pauhl and adopted certain uniform symbols. It distinguished them from the Conventionally recognised sects.

A tendency among the Hindu Priests has persisted throughout



www.AKJ.Org

the centuries to absorb the main teachings of the new sect and thus swallow the whole sect to make it extinct. Thus Huns, Kushans, Rasht Kutas and later Buddhism were all swallowed one after another. At one time Hinduism posed itself like a sea in which all the small streams fall only to enrich it. Buddhism, Jamisim, and later sects arising out of the Bhakti-Movement, were destined more or less to the same fate. However it refused to adsorb Islam as it was considered a dirty stream

Guru Nanak had foreseen this tendency. Dr. G C. Narang in his book 'Transformation of Sikhism," Says, "Nank had, no doubt, greatly succeeded in reviving the dying Hindu Society, which was now fairly on the way to convalescene, but environments were still so unfavourable, the orthedox priesthood being still so strong, that he feared a relapse unless some one was appointed to look after the patient." Hence he appointed his successor.

It is evident that othodox priest has a great say even in the modern Hindu society Its masses perform various religious rites quite helplessly and ignorantly at his behest. They dare not question his injunctions. All the progress made by science and discovory seems shelved before his over-awing presence.

The sikh Gurus visualized the unjust persecution of the Hindu masses at the hands of the othodox priest, who was then trying to tighten his grip in an age of forcible conversion, And once a person was converted forcibly into a Musluim. he had no chance, at least in this life to return to the parent-religion, in spite of his penance.

Althongh early 'sikh symbols' are no where distincty recorded, yet it is certain that the sikh Gurus from the very beginning gave to their disciples a distinct form, and a separate set of religious rites to differntiate them from the main current It was Guru Gobind Singh who decided to prescribe the present five "Kakars" as an outer mark of true discipleship The incident of initation by the sword (Khenda) came of about two and a half decades of the martyrdom of Guru Teg Bahadur in Chandni Chowk Delhi. No sikh dared come forward except one, to cremate the dead body of the Guru. And it greatly pained Guru Gobind Singh. Sikhs had not as distrintive form then,as it is today. so that they could be recognized among millions The Hindu masses of the 17th and 18th



www.AKJ.Org

century were down-trodden and coward. The question before Guru Gobind Singh was, whether the Khalsa of his conception was to be man high in spirit, independent in judgement, brave in intentions, and free form the shackles of the old Hindu orthodoxy owing his allegience not to the Mughal Emperor but only to the Almighty ? or he was also to be one like his depressed and degraded countrymen who were dejected and coward in spirit, weakin action, pessimist and who considered the might of the Mughal Emperor more than the might of the multiple gods.

Khalsa, it was decided by the Tenth Guru, was to retain a separate and disticct form, was to follow a different code and lead a life becoming of a brave and honourable person.

The Guru then commanded the five Kakars, and delivered the Holi-Amrit (sacramentted by the Sword (Khanda) and by recitation of the five hymns (Gurbani), on the condition that the baptized sikh will adopt these five kakars and retain them till his last breath. He may renounce life, but under no condition renounce the five kakars. And we have a brave history of the sikhs built on this simple vow.

(2)

The times have changed. The modern man has been hypnotized by men of seience, who are aware of their own limilations and shallwness of their knowtedge of the world of matter. They know little of the world of Spirit, of which the great Gurus were masters. Our present world has been gripped by a tendency of scientific enquiry of every physical, social as well as spiritual phenomena. As it is, it is beyond human intellect to give explanation of each and every phenomana. And perhaps this has given birth to doubt and nihilism. The present generation, instead of taking the commands of the Gurus as the basis of self realization, has started demanding explation of the use of the five kakars.

And they pose a question. Is it really essential to keep long hair and other sikh symbols for achieving self realization ?

Gurmukh Nihal Singh Ex-Governer Rajsthan (India) in his article. Sikhism in the Age of Science and Socialism,' published in the Gurdwara Gazette of June 1967, diseusses the point at some length, but he shys away to say with



www.AKJ.Org

emphasis that self-realization is possible throuhg sikhism only, if one wants to adopt most modern and latest techniques developed by the ten Gurus. The other possible ways of self realization are in one way or the other conventional methods.

But a modern Truth-Seeker would like to adopt, not the old and conventional methods but the most modern one.

Guru Gobind Singh developed a new, simple and effective method of self-realization which has stood the test of the most horrible times, espacially first half of 18th-century of the history-of Punjabi.

It has set before the Indian Society and the world at large, that how a handful of dust'

can be raised to the stature of dignity power and self realization through single-minded devotion and faith in the Guru (now Guru Granth Sahib) whatever Guru Gobind Singh commanded and prescribed, the faithfull has taken it as the 'Word of the Lord. The doubtful have ever remained trimmers for whom, as Dante said there is place neither in hell nor in heaven. True, a sikh truth-seeker would never brother about hell or heaven. But unlike the doutbful, he is a man more of action than of mere Contemplation, a man who lives more than he merely exists. In short he is a man who rises above the petty quibbles of those who want to attain truth and self realization, but spend their time not in fruitful activity.

As a faithful disciple of the Guru he knows no other way of self-realzation, thorugh the scholarly philosophers aronnd him who may tempt him to deflect. Gurmukh Nihal Singh's voice, in his article referred to above, seemes to be modulated by the trimmers who have neither faith in self-realization nor they seem intensely in thirst of it. The thirsty would take the shortest means to quench his thirst.

It is fultile to suggest to him the possible ways of quenching the thirst. Self-realization demands firmness of mind and singleness of devotion mingled with a life of truth and self-abnegation.

All the sikh symbols have mystifical meaning understood by those who tread on the path of self realization.



www.AKJ.Org

# ਜੈਪੁਰ ਵਿਖੇ ਕੀਰਤਨ ਸਮਾਗਮ

ਰਾਜਿਸਥਾਨ ਦੇ ਮਾਰੂਥਲ ਨੂੰ ਅਜ ਭਾਗ ਲਗ ਗਏ। ਜਦ ਦਾ ਸਨ 1967 ਚੜ੍ਹਿਆ ਹੈ ਇਸ ਧਰਤੀ ਦੀ ਪੁਕਾਰ ਸੁਣੀ ਗਈ। ਪਹਿਲਾਂ ਕੀਰਤਨ ਸਮਾਗਮ (ਜੱਥੇ ਵਲੋਂ) ਫਰਵਰੀ 67 ਵਿੱਚ ਕੋਟਾ ਵਿਖੇ ਅਤੇ ਅਪਰੈਲ 67 ਵਿੱਚ ਭਰਤਪੁਰ ਵਿਖੇ, ਚੜ੍ਹਦੀਆਂ ਕਲਾਂ ਦੇ ਸਮਾਗਮ ਹੋਏ।

ਹੁਣ ਜੈਪੁਰ ਨਿਵਾਸੀ ਸੰਗਤਾਂ ਨੇ 12, 13, ਅਤੇ 14, 15 ਅਗਸਤ ਨੂੰ ਕੀਰਤਨ ਸਮਾਗਮ ਰਚਨ ਦਾ ਪਰਬੰਧ ਕੀਤਾ ਹੈ। ਜਿਸਦਾ ਪੂਰਾ ਵੇਰਵਾ ਅਗਲੇ ਪਰਚੇ ਵਿੱਚ ਛਾਪਿਆ ਜਾਏਗਾ।

ਜੈ ਪੁਰ ਭਾਰਤ ਦਾ 'ਗੁਲਾਬੀ ਨਗਰ' ਹੈ ਅਤੇ ਇਥੇ ਕਈ ਥਾਵਾਂ ਦੇਖਣ ਯੋਗ ਹਨ। ਜੈਪੁਰ ਦੀ ਸੰਗਤ ਵਲੋਂ ਬਿਨੇ ਪਤਰ ਪੁਜਾ ਹੈ ਕਿ ਕਿ ਸੰਗਤਾਂ ਹੁਣ ਤੋਂ ਹੀ ਤਿਆਰੇ ਕਰਨ।

ਪ੍ਰਾਰਥਕ
ਅਖੰਡ ਕੀਰਤਨੀ ਜਥਾ
ਜੈ ਪੁਰ

## ਜ਼ਰੂਰੀ ਬੇਨਤੀ

ਲੇਖਕ ਵੀਰਾਂ ਦੀ ਸੇਵਾ ਵਿਚ ਬੇਨਤੀ ਕੀਤੀ ਜਾਂਦੀ ਹੇ ਕਿ ਲੇਖ ਭੇਜਣ ਤੋਂ ਪਹਿਲਾਂ ਲੇਖ ਦੀ ਸੁਧਾਈ ਜ਼ਰੂਰ ਕਰ ਲਿਆ ਕਰਨ ਤੇ ਲੇਖ ਕਾਗਜ਼ ਦੇ ਇਕ ਪਾਸੇ ਖੁਸ਼ਖਤ ਲਿਖਿਆ ਹੋਣਾ ਜ਼ਰੂਰੀ ਹੈ। ਤੇ ਨਾਲ ਹੀ ਗੁਰਬਾਣੀ ਦੀਆਂ ਤੁਕਾਂ ਦੀ ਸੁਧਾਈ ਹੋਣੀ ਚਾਹੀਦੀ ਹੈ।

ਦਾਸ ਮੈਨੇਜਰ ਸੂਰਾ ਪਟਿਆਲਾ



www.AKJ.Org

'SURA' Monthly 5 July 1967 Regd. No. P. 119

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ


| | | |
|---|---|---|
| ੧. | ਜੇਲ੍ਹ ਚਿੱਠੀਆਂ | ੫.੦੦ |
| ੨. | ਗੁਰਮਤ ਨਾਮ ਅਭਿਆਸ ਕਮਾਈ | ੨.੫੦ |
| ੩. | ਗੁਰਮਤ ਲੇਖ | ੨.੫੦ |
| ੪. | ਗੁਰਮਤ ਬਬੇਕ | ੩.੦੦ |
| ੫. | ਸੱਚਖੰਡ ਦਰਸ਼ਨ | ੦.੭੫ |
| ੬. | ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? | |
| ੭. | ਚਰਨ ਕਮਲ ਕੀ ਮਉਜ | ੦.੮੮ |
| ੮. | ਅਣਡਿਠੀ ਦੁਨੀਆਂ | ੪.੦੦ |
| ੯. | ਕਰਮ ਫਿਲਾਸਫੀ | ... |
| ੧੦. | ਅਨਹਦ ਸ਼ਬਦ ਦਸਮ ਦੁਆਰ | ੨.੫੦ |
| ੧੧. | ਗੁਰਮਤ ਸਚ ਨਿਰਣੇ | ... |
| ੧੨. | ਅੰਮ੍ਰਿਤ ਕਲਾ | ੦.੪੦ |
| ੧੩. | ਅੰਮ੍ਰਿਤ ਕੀ ਹੈ ? | ੦.੩੦ |
| ੧੪. | ਸੁਪਨਾਂ | ੦.੩੦ |
| ੧੫. | ਬਾਬਾ ਵੈਦ ਰੋਗੀਆਂ ਦਾ | ੦.੨੦ |
| ੧੬. | ਗਯਾਨ ਚਾਨਣਾ | ੦.੧੦ |
| ੧੭. | ਹਉਮੈ ਨਾਵੈ ਨਾਲਿ ਵਿਰੋਧ | ੦.੨੦ |
| ੧੮. | ਦਰਸ਼ਨ ਝਲਕਾਂ (ਕਵਿਤਾ) | ... |
| ੧੯. | ਜੋਤਿ ਵਿਗਾਸ (ਕਵਿਤਾ) | ... |
| ੨੦. | ਕਥਾ ਕੀਰਤਨ | ੨.੦੦ |
| ੨੧. | ਰੰਗਲੇ ਸਜਣ | ੨.੫੦ |
| ੨੨. | ਸਿਖ ਕੌਣ ਹੈ | ੦.੧੫ |
| ੨੩. | ਅਸਤਕ ਨਾਸਤਕ | ੦.੧੫ |
| ੨੪. | ਕੋ ਵਿਰਲਾ ਗੁਰਮਤਿ ਚਲੈ | ੦.੨੦ |
| ੨੫. | ਸਚੀਆਂ ਦਾਹੜੀਆਂ | ੦.੧੨ |
| ੨੬. | ਸੰਤ ਪਦ ਨਿਰਣੈ | ੨.੨੫ |
| ੨੭. | ਗੁਰਮਤ ਰਮਜ਼ਾਂ | ੦.੬੨ |
| ੨੮. | ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲਖਣਤਾ | ... |
| ੨੯. | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦.੧੦ |
| ੩੦. | ਸਿੰਘਾਂ ਦਾ ਪੰਥ ਨਿਰਾਲਾ | ੦ ੪੦ |
| ੩੧. | ਅਕਾਲ ਪੁਰਖ ਦੇ ਪ੍ਰਤੱਖ ਦਰਸ਼ਨ | ੦ ੨੦ |
| ੩੨. | ਵਾਹਿਗੁਰੂ ਸਿਮਰਣ | ੦.੧੫ |
| ੩੩. | ਗੁਰਮਤਿ ਪ੍ਰਕਾਸ਼ | ੧.੫੦ |
| ੩੪. | ਸਿਖੀ ਸਿਦਕ ਤੇ ਧਰਮ ਰਖਿਆ | ੦ ੨੦ |
| ੩੫. | ਨਿਰਬਾਣ ਕੀਰਤਨੀ ਜੱਥੇ ਦੇ ਸਿੰਘਾਂ ਦੀ ਦਾਸਤਾਨ | ੦ ੩੦ |
| ੩੬. | ਝਟਕਾ ਮਾਸ ਪਰਥਾਇ ਤੱਤ ਗੁਰਮਿਤ ਨਿਰਣਯ | ੧. ੪੦ |
| ੩੭. | ਗੁਰਮਤਿ ਵਿਚਾਰ | ੦.੮੦ |
| ੩੮. | ਨਾਮ ਦਾ ਦਾਤਾ ਤੇ ਸਿਮਰਮ ਦਾ ਦਾਤਾ ਸਤਿਗੁਰੂ | ੦.੭੫ |
| ੩੯. | ਨਾਮ ਸਬੰਧੀ ਵਿਚਾਰ | ੦ ੫੦ |
| ੪੦. | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦.੩੦ |
| ੪੧. | ਗੁਰਬਾਣੀ ਦੇ ਸ਼ੰਕਿਆਂ ਦਾ ਉਤਰ | ੦.੫੦ |


## ਇਸ ਮਹੀਨੇ ਵਿਚ ਗੁਰਪੁਰਬ

**ਸ੍ਰੀ ਗੁਰੂ ਹਰਿ ਕਿਸ਼ਨ ਜੀ** — **੩੧ ਜੁਲਾਈ**

ਹਜ਼ਾਰਾ ਪ੍ਰਿੰਟਿੰਗ ਪ੍ਰੈਸ ਤਕੀਆ ਰਹੀਮ ਸ਼ਾਹ ਪਟਿਆਲਾ ਤੋਂ ਅਖੰਡ ਕੀਰਤਨੀ ਜੱਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ ਪ੍ਰਿੰਟਰ ਤੇ ਪਬਲਿਸ਼ਰ ਨੇ ਦਫਤਰ ਸੂਰਾ ਰਾਘੋ ਮਾਜਰਾ ਪਟਿਆਲਾ—੩ ਤੋਂ ੫ ਜੁਲਾਈ ੧੯੬੭ ਨੂੰ ਪ੍ਰਕਾਸ਼ਤ ਕੀਤਾ।

www.AKJ.Org